ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

# JAGAT GURU NANAK DEV
# PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

## The Motto of the University
## (SEWA)

**SKILL ENHANCEMENT** **EMPLOYABILITY** **WISDOM** **ACCESSIBILITY**




# ਐਮ ਏ ਪੰਜਾਬੀ
# ਸਮੈਸਟਰ ਚੌਥਾ
# ਵੀਹਵਾਂ ਪਰਚਾ : ਪਾਕਿਸਤਾਨੀ ਪੰਜਾਬੀ ਸਾਹਿਤ
# ਕੋਰਸ ਕੋਡ : PBIM21320T

**ADDRESS: C/28, The Lower Mall, Patiala-147001**
**WEBSITE: www.psou.ac.in**

SELF-INSTRUCTIONAL STUDY MATERIAL FOR JGND PSOU, ALL COPYRIGHTS WITH JGND PSOU, PATIALA

## JAGAT GURU NANAK DEV

## PUNJAB STATE OPEN UNIVERSITY PATIALA

**(Established by Act No.19 of 2019 of Legislature of the State of Punjab)**


**PROGRAM COORDINATOR:**

**DR. AMARJIT SINGH**

**ASSISTANT PROFESSOR IN PUNJABI**

**COURSE COORDINATOR AND EDITOR:**

**DR. DHARMINDER SINGH**

**ASSISTANT PROFESSOR IN PUNJABI**

# JAGAT GURU NANAK DEV

# PUNJAB STATE OPEN UNIVERSITY PATIALA

**(Established by Act No.19 of 2019 of Legislature of the State of Punjab)**

## PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof.G.S Batra

Dean Academic Affairs

# ਐਮ. ਏ. ਪੰਜਾਬੀ
## (ਸਮੈਸਟਰ–ਚੌਥਾ)
## ਵੀਹਵਾਂ ਪਰਚਾ :ਪਾਕਿਸਤਾਨੀ ਪੰਜਾਬੀ ਸਾਹਿਤ

**ਕੁੱਲ ਅੰਕ : 100**
**ਬਾਹਰੀ ਮੁਲਾਂਕਣ:70**
**ਅੰਦਰੂਨੀ ਮੁਲਾਂਕਣ:30**
**ਪਾਸ: 40%**
**ਕ੍ਰੈਡਿਟ:4**

ਉਦੇਸ਼:

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਦਿਸ਼ਾਵਾਂ ਰਾਹੀਂ ਪਾਕਿਸਤਾਨੀ ਪੰਜਾਬੀ ਸਾਹਿਤ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਪਾਕਿਸਤਾਨੀ ਪੰਜਾਬੀ ਸਾਹਿਤ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਪਾਕਿਸਤਾਨੀ ਪੰਜਾਬੀ ਸਾਹਿਤ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

**INSTRUCTIONS FOR THE PAPER SETTER/EXAMINER:**

1. The syllabus prescribed should be strictly adhered to.
2. The question paper will consist of three sections: A, B, and C. Sections A and B will have four questions each from the respective sections of the syllabus and will carry 10 marks each. The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any 10 questions from this section.
4. The examiner shall give a clear instruction to the candidates to attempt questions only at one place and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

**INSTRUCTIONS FOR THE CANDIDATES:**

Candidates are required to attempt any two questions each from the sections A, and B of the question paper, and any ten short answer questions from Section C. They have to attempt questions only at one place and only once. Second or subsequent attempts, unless the earlier ones have been crossed out, shall not be evaluated.

**ਭਾਗ ੳ**- ਪਾਕਿਸਤਾਨੀ ਪੰਜਾਬੀ ਸਾਹਿਤ: ਸਿਧਾਂਤਕ ਪਰਿਪੇਖ

**ੳ.1** ਪਾਕਿਸਤਾਨੀ ਪੰਜਾਬੀ ਸਾਹਿਤ: ਇਤਿਹਾਸ
**ੳ.2** ਪਾਕਿਸਤਾਨੀ ਪੰਜਾਬੀ ਸਾਹਿਤ: ਪ੍ਰਵਿਰਤੀਆਂ

**ਭਾਗ ਅ–** ਅਤਰ ਸਿੰਘ ਤੇ ਜਗਤਾਰ (ਸੰਪਾ.) : ਦੁਖ ਦਰਿਆਓ ਪਾਰ ਦੇ

ਅਤਰ ਸਿੰਘ ਤੇ ਜਗਤਾਰ (ਸੰਪਾ.) : ਦੁਖ ਦਰਿਆਓ ਪਾਰ ਦੇ-ਵਿਚਾਰਧਾਰਾਈ ਅਧਿਐਨ
ਅਤਰ ਸਿੰਘ ਤੇ ਜਗਤਾਰ (ਸੰਪਾ.) : ਦੁਖ ਦਰਿਆਓ ਪਾਰ ਦੇ-ਅਧਿਐਨ ਦ੍ਰਿਸ਼ਟੀ

**ਅ.1** ਮੁਸਤਨੱਸਰ ਹੁਸੈਨ ਤਾਰੜ : ਪਖੇਰੂ

ਮੁਸਤਨੱਸਰ ਹੁਸੈਨ ਤਾਰੜ : ਪਖੇਰੂ -ਵਿਚਾਰਧਾਰਾਈ ਅਧਿਐਨ
ਮੁਸਤਨੱਸਰ ਹੁਸੈਨ ਤਾਰੜ : ਪਖੇਰੂ -ਅਧਿਐਨ ਦ੍ਰਿਸ਼ਟੀ

**ਅ.2** ਇਸਹਾਕ ਮੁਹੰਮਦ : ਕੁਕਨੁਸ

ਇਸਹਾਕ ਮੁਹੰਮਦ : ਕੁਕਨੁਸ-ਵਿਚਾਰਧਾਰਾਈ ਅਧਿਐਨ
ਇਸਹਾਕ ਮੁਹੰਮਦ : ਕੁਕਨੁਸ-ਅਧਿਐਨ ਦ੍ਰਿਸ਼ਟੀ

**ਭਾਗ–ੲ**

ਭਾਗ ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।
ਅੰਕ ਵੰਡ ਅਤੇ ਪੇਪਰ ਸੈਟਰ ਲਈ ਅੰਕ ਵੰਡ ਅਤੇ ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ
1. ਭਾਗ ੳ.1 ਵਿੱਚੋਂ ਪਾਕਿਸਤਾਨੀ ਪੰਜਾਬੀ ਸਾਹਿਤ: ਸਿਧਾਂਤਕ ਪਰਿਪੇਖ ਨਾਲ ਸੰਬੰਧ ਦੇ ਵਿਸ਼ਾ ਖੇਤਰ ਵਿੱਚੋਂ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਪਾਕਿਸਤਾਨੀ ਪੰਜਾਬੀ ਸਾਹਿਤ: ਇਤਿਹਾਸ ਦੀ ਵਿਆਖਿਆ।
3. ਭਾਗ ੳ.2 ਪਾਕਿਸਤਾਨੀ ਪੰਜਾਬੀ ਸਾਹਿਤ: ਪ੍ਰਵਿਰਤੀਆਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਪਾਕਿਸਤਾਨੀ ਪੰਜਾਬੀ ਸਾਹਿਤ: ਪ੍ਰਵਿਰਤੀਆਂ ਦੇ ਰੂਪਾਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।

5. ਅਤਰ ਸਿੰਘ ਤੇ ਜਗਤਾਰ (ਸੰਪਾ.) : ਦੁਖ ਦਰਿਆਓ ਪਾਰ ਦੇ, ਮੁਸਤਨੱਸਰ ਹੁਸੈਨ ਤਾਰੜ : ਪਖੇਰੂ, ਇਸਹਾਕ ਮੁਹੰਮਦ : ਕੁਕਨੁਸ ਦੇ ਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।

6. ਅਤਰ ਸਿੰਘ ਤੇ ਜਗਤਾਰ (ਸੰਪਾ.) : ਦੁਖ ਦਰਿਆਓ ਪਾਰ ਦੇ, ਮੁਸਤਨੱਸਰ ਹੁਸੈਨ ਤਾਰੜ : ਪਖੇਰੂ, ਇਸਹਾਕ ਮੁਹੰਮਦ : ਕੁਕਨੁਸ ਵਿਚੋਂ ਵਿਵਹਾਰਕ ਪ੍ਰਸ਼ਨ ਪੁੱਛੇ ਜਾਣਗੇ।

7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ- ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

**ਅੰਦਰੂਨੀ ਮੁਲਾਂਕਣ 30 ਅੰਕ**

ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਅਤਰ ਸਿੰਘ ਤੇ ਜਗਤਾਰ (ਸੰਪਾ.) : ਦੁਖ ਦਰਿਆਓ ਪਾਰ ਦੇ, ਮੁਸਤਨੱਸਰ ਹੁਸੈਨ ਤਾਰੜ : ਪਖੇਰੂ, ਇਸਹਾਕ ਮੁਹੰਮਦ : ਕੁਕਨੁਸ ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ ’ਤੇ ਅਧਾਰਿਤ ਹੋਣਗੇ।

## ਸਹਾਇਕ ਪਾਠ-ਸਮੱਗਰੀ

**ਖੋਜ-ਪੁਸਤਕਾਂ**

| **ਲੇਖਕ** | **ਸਾਲ** | **ਸਿਰਲੇਖ** | **ਪਬਲਿਸ਼ਰ** |
|---|---|---|---|
| ਜਗਤਾਰ | 2000 | ਪਾਕਿਸਤਾਨੀ ਪੰਜਾਬੀ ਸਾਹਿਤ | ਗੁ.ਨਾ.ਦੇ.ਯੂਨੀਵਰਸਿਟੀ |
| ਕਰਨੈਲ ਸਿੰਘ ਥਿੰਦ | 1998 | ਪਾਕਿਸਤਾਨੀ ਪੰਜਾਬੀ ਸਾਹਿਤ ਦੇ ਝੁਕਾਅ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਅਤਰ ਸਿੰਘ ਤੇ ਜਗਤਾਰ | 2014 | ਦੁਖ ਦਰਿਆਓ ਪਾਰ ਦੇ | ਰਵੀ ਸਾਹਿਤ ਪ੍ਰਕਾਸ਼ਨ |

**ਸੰਬੰਧਿਤ ਪੁਸਤਕਾਂ**

| **ਲੇਖਕ** | **ਸਾਲ** | **ਸਿਰਲੇਖ** | **ਪਬਲਿਸ਼ਰ** |
|---|---|---|---|
| ਮੁਸਤਨੱਸਰ ਹੁਸੈਨ ਤਾਰੜ | 1950 | ਪਖੇਰੂ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਇਸਹਾਕ ਮੁਹੰਮਦ | 1966 | ਕੁਕਨੁਸ | ਪੰਜਾਬੀ ਯੂਨੀਵਰਸਿਟੀ, ਪਟਿਆਲਾ |

## ਭਾਗ ਪਹਿਲਾ

### ਯੂਨਿਟ-1

ਪਾਕਿਸਤਾਨੀ ਪੰਜਾਬੀ ਸਾਹਿਤ ਦੀ ਇਤਿਹਾਸਕ ਵਿਕਾਸ ਰੇਖਾ/ ਇਤਿਹਾਸਕਾਰੀ/ ਝੁਕਾਅ

ਉੱਤਰ : 1947 ਤੋਂ ਪਹਿਲਾਂ ਭਾਰਤ ਤੇ ਪਾਕਿਸਤਾਨ ਦੋ ਦੇਸ਼ ਨਹੀਂ ਸਨ ਸਗੋਂ ਇਕੋ ਹੀ ਖਿੱਤੇ ਦਾ ਹਿੱਸਾ ਸਨ। ਹੁਣ ਦੇ ਪਾਕਿਸਤਾਨ ਵਾਲੇ ਖੇਤਰ ਵਿੱਚ ਕਈ ਦਹਾਕਿਆਂ ਤੱਕ ਮਹਾਰਾਜਾ ਰਣਜੀਤ ਸਿੰਘ ਦਾ ਖਾਲਸਾ ਰਾਜ ਵੀ ਕਾਇਮ ਰਿਹਾ ਹੈ। ਇਧਰਲੇ ਭਾਵ ਪੂਰਬੀ ਪੰਜਾਬ ਅਤੇ ਉਧਰਲੇ ਪੰਜਾਬ ਭਾਵ ਪੱਛਮੀ ਪੰਜਾਬ ਦੇ ਲੋਕਾਂ ਦੀ ਭਾਸ਼ਾ, ਸਭਿਆਚਾਰ, ਰਹਿਣ ਸਹਿਣ, ਰੀਤੀ ਰਿਵਾਜ਼, ਖਾਣ ਪਹਿਨਣ ਥੋੜ੍ਹੇ ਬਹੁਤੇ ਫਰਕ ਨਾਲ ਇਕੋ ਜਿਹਾ ਹੀ ਹੈ। ਇਧਰਲੇ ਅਤੇ ਉਧਰਲੇ ਲੋਕਾਂ ਦੀਆਂ ਆਦਤਾਂ ਅਤੇ ਦਲੇਰੀ ਵੀ ਇਕੋ ਜਿਹੀ ਹੈ। 1947 ਵੇਲੇ ਭਾਰਤੀ ਹਾਕਮਾਂ ਨਾਲ ਮਿਲੀ ਭੁਗਤ ਕਰਕੇ ਅੰਗਰੇਜ਼ਾਂ ਨੇ ਕੂਟਨੀਤਿਕ ਚਾਲ ਚੱਲੀ ਅਤੇ ਬਹਾਦਰ ਪੰਜਾਬੀ ਕੌਮ ਨੂੰ ਪਾੜਨ ਲਈ ਹਮੇਸ਼ਾ ਲਈ ਧਰਮ ਦੇ ਨਾ ਤੇ ਫਿਰਕੂ ਹਨੇਰੀ ਚਲਾਈ ਤੇ ਰਸਦਾ ਵਸਦਾ ਪੰਜਾਬ ਦੋ ਟੋਟੇ ਹੋ ਗਿਆ। ਵੰਡ ਹੋਣ ਕਾਰਨ ਪਾਕਿਸਤਾਨੀ ਪੰਜਾਬ ਹੋਂਦ ਵਿੱਚ ਆਇਆ। ਰਾਜਨੀਤਿਕ ਲਾਹੇ ਲੈਣ ਲਈ ਕੌਮੀ ਸਰਮਾਏਦਾਰੀ ਧਿਰਾਂ ਅਤੇ ਇਤਿਹਾਸਕ ਤੌਰ ਤੇ ਅੰਗਰੇਜ਼ਾਂ ਦੀ ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਦੇ ਆਧਾਰ ਤੇ ਹਿੰਦੁਸਤਾਨ ਤੋਂ ਅੱਡ ਹੋ ਕੇ ਪਾਕਿਸਤਾਨ ਸੁਤੰਤਰ ਮੁਲਕ ਦੀ ਹੋਂਦ ਅਖ਼ਤਿਆਰ ਕਰ ਚੁੱਕਿਆ ਹੈ।

**1.1 ਪੰਜਾਬ ਦੀ ਭੂਗੋਲਿਕ ਸਥਿਤੀ** : ਪੰਜਾਬੀ ਸਾਹਿਤ ਦੇ ਭਾਸ਼ਾਈ, ਸਭਿਆਚਾਰਕ ਅਤੇ ਸਾਹਿਤਕ ਪਿਛੋਕੜ ਨੂੰ ਜਾਣਨ ਲਈ ਪੰਜਾਬ ਦੀ ਭੂਗੋਲਿਕ ਅਤੇ ਸਭਿਆਚਾਰਕ ਇਤਿਹਾਸ ਰੇਖਾ ਨੂੰ ਵੇਖਣਾ/ਸਮਝਣਾ ਅਤਿ ਜ਼ਰੂਰੀ ਹੈ। ਇਸ ਭੂਗੋਲਿਕ ਪਿਛੋਕੜ ਅਤੇ ਰਾਜਸੀ ਸਭਿਆਚਾਰਕ ਸਥਿਤੀਆਂ ਦੇ ਪਿਛੋਕੜ ਵਿੱਚ ਹੀ ਪੰਜਾਬੀ ਸਾਹਿਤ ਦੀ ਵਿਕਾਸ-ਰੇਖਾ ਨੂੰ ਉਜਾਗਰ ਕੀਤਾ ਜਾ ਸਕਦਾ ਹੈ। ਪੰਜਾਬ ਦਾ ਸਭਿਆਚਾਰਕ ਪਿਛੋਕੜ, ਵਿਸ਼ਵ ਦੀਆਂ ਪ੍ਰਾਚੀਨਤਮ ਸਭਿਆਤਾਵਾਂ ਤੱਕ ਫੈਲਿਆ ਹੋਇਆ ਹੈ। ਪੁਰਾਤੱਤਵਿਕ ਖੋਜਾਂ ਤੋਂ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਪੰਜਾਬ ਦੀ ਧਰਤੀ ਵਿਸ਼ਵ ਦੀਆਂ ਪ੍ਰਾਚੀਨ ਤੋਂ ਪ੍ਰਾਚੀਨ ਸਭਿਆਤਾਵਾਂ ਦੀ ਹਾਣੀ ਹੈ। ਇਥੇ ਸਿੰਧੂ ਘਾਟੀ ਨਾਂ ਦੀ ਪ੍ਰਾਚੀਨ ਸਭਿਅਤਾ ਵਿਕਸਤ ਹੋਈ ਹੈ, ਜੋ ਮਿਸ਼ਰ ਦੀ  ਬੇਬੀਲੋਨ ਅਤੇ ਹੋਰਨਾਂ ਸਮਕਾਲੀ ਸਭਿਆਤਾਵਾਂ ਦੇ ਬਰਾਬਰ ਵਿਕਸਿਤ ਹੋਣ ਦੇ ਪ੍ਰਮਾਣ ਪੇਸ਼ ਕਰਦੀ ਹੈ। ਦਰਿਆਵਾਂ ਵਿੱਚ ਘਿਰੀ ਹੋਈ ਇਸ ਜਰਖੇਜ਼ ਧਰਤੀ ਦਾ ਨਾਂ 'ਪੰਜਾਬ' ਮੁਗਲਾਂ ਵੱਲੋਂ ਰੱਖਿਆ ਗਿਆ, ਜਿਸ ਦਾ ਅਰਥ ਹੈ-'ਪੰਜ ਦਰਿਆਵਾਂ ਦੀ ਧਰਤੀ'। ਇਹ ਸ਼ਬਦ 'ਪੰਜ' ਅਤੇ 'ਆਬ' ਤੋਂ ਮਿਲ ਕੇ ਬਣਿਆ ਹੈ। ਪੰਜਾਬ ਉਸ ਇਲਾਕੇ ਦਾ ਨਾਮ ਹੈ ਜੋ ਭਾਰਤ ਦੇ ਉੱਤਰ-ਪੱਛਮੀ ਹਿੱਸੇ ਵਿੱਚ ਸਥਿਤ ਹੈ। ਇਥੇ ਸਤਲੁੱਜ, ਰਾਵੀ, ਬਿਆਸ, ਜਿਹਲਮ ਅਤੇ ਚਨਾਬ ਪੰਜ ਦਰਿਆ ਵਗਦੇ ਹਨ। ਇਸੇ ਕਰਕੇ ਹੀ ਇਸ ਇਲਾਕੇ ਨੂੰ  'ਪੰਜਾਬ' ਕਿਹਾ ਗਿਆ ਹੈ। ਪੁਰਾਤਨ ਸਮੇ ਦੇ ਗ੍ਰੰਥਾਂ ਅਤੇ ਇਤਿਹਾਸਕ ਮਿਥਿਹਾਸਿਕ ਸਰੋਤਾਂ ਵਿੱਚ ਇਸ ਨੂੰ ਪੰਚਨਦ, ਸਪਤਸਿੰਧੂ ਜਾਂ ਮਦਰ ਦੇਸ ਆਦਿ ਨਾਵਾਂ ਨਾਲ ਬੁਲਾਇਆ ਜਾਂਦਾ ਰਿਹਾ ਹੈ।

ਅੰਗਰੇਜ਼ੀ ਹਕੂਮਤ ਦੁਆਰਾ ਲਹੌਰ ਤੋਂ ਕਰਾਚੀ ਤੱਕ ਰੇਲ ਲਾਈਨ ਬਨਾਉਣ ਦੇ ਪ੍ਰਤਾਵ ਨਾਲ ਇਸ ਰੂਟ ਉਪਰ ਕੰਮ ਚੱਲਿਆ ਤਾਂ ਰਾਵੀ ਦਰਿਆ ਨੇੜੇ ਹੜੱਪਾ ਪਿੰਡ ਦੇ ਪੁਰਾਣੇ ਥੇਆਂ ਵਿੱਚੋਂ ਬਹੁਤ ਸਾਰੀਆਂ ਇੱਟਾਂ ਅਤੇ ਹੋਰ ਪੁਰਾਤਨ ਵਸਤਾਂ  ਮਿਲੀਆਂ ਸਨ ਜਿਨ੍ਹਾਂ ਦੀ ਜਾਂਚ ਪੜਤਾਲ ਤੋਂ ਬਾਅਦ ਇਸ ਸਥਾਨ ਦੀ ਖ਼ੁਦਾਈ ਕਰਨ ਦੀ ਜਿੰਮੇਵਾਰੀ ਪੁਰਾਤੱਤਵ ਵਿਭਾਗ ਨੂੰ ਦਿੱਤੀ ਗਈ। ਪੁਰਾਤਤਵ ਵਿਭਾਗ ਦੀਆਂ ਖੋਜਾਂ ਦੇ ਅਨੁਸਾਰ ਇਸ ਧਰਤੀ ਉਪਰ ਪਾਣੀ ਦੇ ਸਰੋਤ ਹੋਣ ਕਾਰਨ ਦੁਨੀਆਂ ਦੀ ਅਤਿ ਪ੍ਰਾਚੀਨ ਸਭਿਅਤਾ ਸਿੰਧੂ ਘਾਟੀ ਦੀ ਸਭਿਅਤਾ ਇਥੇ ਹੀ ਵਿਕਸਿਤ ਹੋਈ ਹੈ। 1921-22 ਈ. ਵਿੱਚ ਹੜੱਪਾ ਅਤੇ ਮਹਿੰਜੋਦੜੋ ਦੇ ਸਥਾਨਾਂ ਦੀ ਖ਼ੁਦਾਈ ਤੋਂ ਇਹ ਸਿੱਧ ਹੋ ਚੁੱਕਿਆ ਹੈ ਕਿ ਇਹ ਸਭਿਅਤਾ ਅਤਿ ਪ੍ਰਾਚੀਨ ਹੈ। ਹੜੱਪਾ, ਮਹਿੰਜੋਦੜੋ ਅਤੇ ਸੰਘੋਲ ਇਸ ਦੇ ਪ੍ਰਮੁੱਖ ਕੇਂਦਰ ਸਨ। ਪੁਰਾਤੱਤਵ ਸਰੋਤਾਂ ਤੋਂ ਪ੍ਰਾਪਤ ਹੋਈ ਸਮੱਗਰੀ ਤੋਂ ਇਥੋਂ ਦੇ ਧਰਮ, ਕਲਾ, ਪਹਿਰਾਵੇ ਅਤੇ ਆਰਥਿਕ ਪ੍ਰਬੰਧ ਬਾਰੇ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਥੋਂ ਪ੍ਰਾਪਤ ਹੋਈਆਂ ਮੋਹਰਾਂ ਅਤੇ ਸਿੱਕਿਆਂ ਉਪਰ ਖੁਣੀ ਹੋਈ ਇਸ ਦੌਰ ਦੀ ਪ੍ਰਚੱਲਿਤ ਲਿਪੀ ਉਪਲਬਧ ਹੈ ਪਰ ਇਹ ਅਜੇ ਤੱਕ ਪੜ੍ਹੀ ਨਹੀਂ ਜਾ ਸਕੀ। ਇਸ ਸਭਿਅਤਾ ਦੇ ਮਿਲੇ ਖੁਰਾ-ਖੋਜਾਂ ਨੂੰ ਜਦੋਂ ਅਸੀਂ ਪੁਰਾਣੇ ਗ੍ਰੰਥਾਂ ਨਾਲ ਮਿਲਾਉਂਦੇ ਹਾਂ ਤਾਂ ਇਸ ਦੀ ਪ੍ਰਾਚੀਨਤਾ ਦੀ ਜਾਣਕਾਰੀ ਮਿਲਦੀ ਹੈ। ਇਥੋਂ ਦੇ ਵਸਨੀਕਾਂ ਬਾਰੇ ਵਿਦਵਾਨਾਂ ਵਿੱਚ ਇਕ ਰਾਏ ਨਹੀਂ ਹੈ, ਪਰ ਬਹੁ-ਸੰਮਤੀ ਵਿਦਵਾਨ ਇਸ ਵਿਚਾਰ ਨਾਲ ਸਹਿਮਤ ਹਨ ਕਿ ਇਹ ਦ੍ਰਾਵਿੜ ਲੋਕਾਂ ਦੀ ਸਭਿਅਤਾ ਦੀ ਉੱਤਰੀ-ਸ਼ਾਖ਼ਾ ਹੈ। ਦ੍ਰਾਵਿੜ ਲੋਕ ਇਥੋਂ ਦੇ ਮੂਲ ਨਿਵਾਸੀ ਸਨ। ਇਹ ਖੇਤਰ ਹਿੰਦੁਸਤਾਨ, ਚੀਨ, ਰੂਸ ਤੇ ਅਫ਼ਗਾਨਿਸਤਾਨ ਦੇ ਵਿਚਕਾਰ ਸਥਿਤ ਹੈ। ਭੂਗੋਲਿਕ ਤੌਰ 'ਤੇ ਭਾਵੇਂ ਇਹ ਹੁਣ ਵੱਖਰੀ ਹੋਂਦ ਵਾਲਾ ਖਿੱਤਾ ਹੈ, ਪਰ ਪੰਜਾਬੀ ਸਭਿਆਚਾਰਕ ਸਾਂਝ ਤੋਂ ਆਪਣੇ ਆਪ ਨੂੰ ਵੱਖ ਨਹੀਂ ਕਰ ਸਕਿਆ। ਸਾਂਝੇ ਪੰਜਾਬ ਦੇ ਵਸਨੀਕਾਂ ਦੀ ਭਾਸ਼ਾ, ਨਸਲ, ਲੋਕਾਂ ਦੇ ਵਤੀਰੇ ਆਰਥਿਕ ਸਾਂਝਾਂ ਤੇ ਸਭਿਆਚਾਰ ਨੂੰ 62% ਅਤੇ 38% ਦੇ ਅਨੁਪਾਤ ਨਾਲ ਹੀ ਵੰਡ ਦਿੱਤਾ ਅਤੇ ਵੰਡ ਵੇਲੇ ਪਾਕਿਸਤਾਨੀ ਪੰਜਾਬ ਵਿੱਚ ਮੁਲਤਾਨ ਤੇ ਰਾਵਲਪਿੰਡੀ ਡਵੀਜ਼ਨਾਂ ਦੇ ਬਾਰਾਂ ਜ਼ਿਲ੍ਹੇ ਅਤੇ ਲਾਹੌਰ ਡਵੀਜ਼ਨ ਦੇ ਮੁੱਖ ਭਾਗ ਭਾਵ ਸੇਖੂਪੁਰਾ ਗੁਜਰਾਂਵਾਲਾ, ਸਿਆਲਕੋਟ ਅਤੇ ਲਾਹੌਰ ਤੇ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਸ਼ਕਰਗੜ ਵੀ ਸ਼ਾਮਿਲ ਕੀਤੇ ਗਏ। ਇਸ ਖਿੱਤੇ ਨੂੰ ਹੀ ਹੁਣ ਅਸੀਂ ਪੱਛਮੀ ਪੰਜਾਬ ਕਹਿੰਦੇ ਹਾਂ। ਜਿਸ ਸਾਹਿਤ ਦੇ ਇਤਿਹਾਸਕ ਵਿਕਾਸ ਦੀ ਅਸੀਂ ਗੱਲ ਕਰ ਰਹੇ ਹਾਂ ਉਹ ਇਸ ਖਿੱਤੇ ਦਾ ਹੀ ਪੰਜਾਬੀ ਸਾਹਿਤ ਹੈ। ਬਹੁਤੇ ਆਲੋਚਕ ਇਸ ਨੂੰ ਪਾਕਿਸਤਾਨੀ ਪੰਜਾਬੀ ਸਾਹਿਤ ਵੀ ਕਹਿੰਦੇ ਹਨ।

**1.2 ਪਾਕਿਸਤਾਨੀ ਪੰਜਾਬ ਦਾ ਸਾਹਿਤ ਸਭਿਆਚਾਰਕ ਪਿਛੋਕੜ** : 1947 ਮਗਰੋਂ ਪਾਕਿਸਤਾਨ ਦੀ ਹੋਂਦ ਲਈ ਜ਼ਿੰਮੇਵਾਰ ਸਾਰੇ ਅਣਦਿੱਸਦੇ ਪਹਿਲੂਆਂ ਨੂੰ ਵਿਚਾਰਿਆਂ ਇਸ ਇਤਿਹਾਸਕ ਤੱਥ ਦਾ ਪਤਾ ਚਲਦਾ ਹੈ ਕਿ ਇਸ ਖਿੱਤੇ ਦਾ ਸਭਿਆਚਾਰ ਇਕੋ ਹੀ ਹੈ। ਧਾਰਮਿਕ ਰਹੁ ਰੀਤਾਂ ਵੱਖਰੀਆਂ ਹੋ ਸਕਦੀਆਂ ਹਨ ਪਰ ਲੋਕਾਂ ਵਿੱਚ ਆਪਸੀ ਮੇਲ ਮਿਲਾਪ, ਸਾਂਸਕ੍ਰਿਤਕ ਸਦਭਾਵਨਾ, ਬੋਲੀ, ਲੋਕ ਧਰਮ, ਲੋਕ ਦੇਵਤੇ, ਪੀਰ, ਫਕੀਰ ਅਤੇ ਰਹਿਣ ਸਹਿਣ ਸਾਂਝਾ ਹੈ। ਇਤਿਹਾਸਕ ਸਰੋਤਾਂ ਤੋਂ ਇਹ ਗੱਲ ਰੂਪਮਾਨ ਹੋਈ ਹੈ ਕਿ ਮੁਗਲਾਂ ਦੀ ਆਮਦ ਤੋਂ ਪਹਿਲਾਂ, ਇਸ ਖਿੱਤੇ ਦਾ ਸਭਿਆਚਾਰਕ ਪਿਛੋਕੜ ਆਰਿਆਈ ਸੀ ਅਤੇ ਆਰੀਆ ਤੋਂ ਪਹਿਲਾਂ ਦ੍ਰਾਵੜੀ (ਕੋਲ. ਭੀਲ. ਸੰਥਾਲ) ਆਦਿਵਾਸੀ ਰੂਪ ਦਾ ਸੀ। ਉਸਤੋਂ ਪਿੱਛੋਂ ਅਰਬ ਇਨਾਰ ਦੇ ਰਸਤੇ ਬਹੁਤ ਸਾਰੀਆਂ ਕੌਮਾ ਅਤੇ ਕਬੀਲੇ(ਸਿਥੀਅਨ, ਸੱਕ, ਹੂਣ,

ਕੁਸਾਣ, ਆਰੀਅਨ, ਮੰਗੋਲ, ਤੁਰਕ, ਪਠਾਣ, ਅਫਗਾਨ, ਮੁਗਲ ਆਦਿ) ਇਸ ਜਰਖੇਜ਼ ਧਰਤੀ ਤੇ ਆਏ। ਇਹਨਾਂ ਵਿੱਚੋਂ ਕੁਝ ਲੁੱਟ ਮਾਰ ਕਰਕੇ ਵਾਪਸ ਪਰਤ ਗਏ ਪਰ ਕੁਝ ਇਥੇ ਹੀ ਵੱਸ ਗਏ। ਇਸ ਪੰਜਾਬੀ ਖਿੱਤੇ(ਪਾਕਿਸਤਾਨੀ) ਵਿੱਚ ਮੁਲਤਾਨੀ, ਡੋਗਰੀ, ਪਸ਼ਤੋ, ਬਹਾਵਲੀ, ਸਿੰਧੀ, ਸਰਾਇਕੀ, ਲਹਿੰਦੀ, ਝਾਂਗੀ, ਪੰਜਾਬੀ(ਮਾਝੀ) ਦੇ ਨਾਲ-ਨਾਲ ਉਰਦੂ ਤੇ ਫਾਰਸੀ ਭਾਸ਼ਾ ਬੋਲੀ ਤੇ ਪੜ੍ਹੀ ਜਾਂਦੀ ਹੈ। ਪਾਕਿਸਤਾਨ ਦੀ ਹੋਂਦ ਦਾ ਮੂਲ ਆਧਾਰ ਧਰਮ ਹੈ ਤੇ ਹੁਣ ਕੌਮਾਂਤਰੀ ਮੰਚ ਉੱਤੇ ਇਹ ਇਸਲਾਮਿਕ ਸਟੇਟ ਦੇ ਨਾਂ ਨਾਲ ਜਾਣਿਆ ਜਾਂਦਾ ਦੇਸ਼ ਹੈ। ਇਸ ਭੂਗੋਲਿਕ ਖੇਤਰ ਦਾ ਨਾਮਕਰਣ 1947 ਈ. ਦੀ ਵੰਡ ਤੋਂ ਪਹਿਲਾਂ ਹੀ ਪਾਕਿਸਤਾਨ ਨਿਸ਼ਚਿਤ ਕਰ ਲਿਆ ਗਿਆ ਸੀ।

ਪੁਰਾਣੇ ਸਮੇਂ ਵਿੱਚ ਪੱਛਮੀ ਧਾੜਵੀਆਂ ਦੁਆਰਾ ਇਸ ਖਿੱਤੇ ਉਪਰ ਲੱਮੇ ਸਮੇਂ ਤੱਕ ਹਮਲੇ ਕੀਤੇ ਜਾਂਦੇ ਰਹੇ ਹਨ। ਇਸ ਜੱਦੋ ਜਹਿਦ ਵਿੱਚ ਬੇਸ਼ੱਕ ਦ੍ਰਵੜੀਅਨ ਕੌਮ ਆਰੀਅਨਾਂ ਕੋਲੋਂ ਹਾਰ ਗਈ ਪਰ ਇਸ ਦੀਆਂ ਬੌਧਿਕ ਅਤੇ ਅਧਿਆਤਮਿਕ ਪ੍ਰਾਪਤੀਆਂ ਆਰੀਅਨਾਂ ਦੇ ਮੁਕਾਬਲੇ ਵੱਧ ਪ੍ਰਭਾਵਸ਼ਾਲੀ ਅਤੇ ਵਿਕਸਤ ਸਨ। ਦੋ ਵਿਭਿੰਨ ਸਭਿਆਚਾਰਾਂ ਦੇ ਆਪਸੀ ਟਕਰਾਅ ਤੋਂ ਮਗਰੋਂ ਆਪਸੀ ਅਦਾਨ-ਪ੍ਰਦਾਨ ਵੀ ਹੋਇਆ। ਇਹ ਲੋਕ ਕੁਝ ਸਦੀਆਂ ਤੱਕ ਸਹਿਮੇ ਰਹੇ ਪਰ ਫਿਰ ਇਹਨਾਂ ਦਾ ਆਤਮ ਵਿਸ਼ਵਾਸ਼ ਜਾਗ ਉੱਠਿਆ ਅਤੇ ਇਹਨਾਂ ਨੇ ਬ੍ਰਾਹਮਣ ਵਿਰੋਧੀ ਸੁਰ ਅਲਾਪਣੀ ਸ਼ੁਰੂ ਕਰ ਦਿੱਤੀ ਜਿਸ ਦਾ ਪ੍ਰਣਾਮ ਸਰੂਪ 'ਬੁੱਧ ਧਰਮ' ਅਤੇ 'ਜੈਨ ਧਰਮ' ਦੇ ਹੋਂਦ ਵਿੱਚ ਆਇਆ। ਇਸ ਸੰਵਾਦ ਦੇ ਸਿੱਟੇ ਵਜੋਂ ਇਥੇ ਇਕ ਮਿਸ਼ਰਿਤ ਸਭਿਆਚਾਰ ਹੋਂਦ ਵਿੱਚ ਆਇਆ। ਪੰਜਾਬ ਦੀ ਧਰਤੀ ਉੱਤੇ ਵਾਪਰੀ ਸਭਿਆਚਾਰਕ-ਸੁਮੇਲ ਦੀ ਇਹ ਪਹਿਲੀ ਘਟਨਾ ਸੀ ਜਿਸ ਨੇ ਇਸ ਖਿੱਤੇ ਦੇ ਸਭਿਆਚਾਰਕ ਪਛਾਣ ਨੂੰ ਪ੍ਰਭਾਵਿਤ ਕੀਤਾ। ਇਸ ਪਿੱਛੋਂ ਵੀ ਪੰਜਾਬ ਉੱਤੇ ਬਾਹਰਲੀਆਂ ਕੌਮਾਂ ਦੇ ਹਮਲੇ ਹੁੰਦੇ ਰਹੇ। ਮਸਲਨ 326 ਈ. ਪੂ. ਸਿਕੰਦਰ ਨੇ ਪੰਜਾਬ ਉੱਤੇ ਹਮਲਾ ਕੀਤਾ। ਉਸ ਸਮੇਂ ਪੰਜਾਬ ਛੋਟੀਆਂ-ਛੋਟੀਆਂ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ। ਇਸ ਪਿੱਛੋਂ 712 ਈ. ਵਿੱਚ ਅਰਬਾਂ ਨੇ ਸਿੰਧ ਦੇ ਰਾਜਾ ਦਾਹਰ ਸੈਨ ਉੱਪਰ ਹਮਲਾ ਕਰਕੇ ਅਗਲੇਰੇ ਮੁਸਲਮਾਨ ਹਮਲਾਵਰਾਂ ਲਈ ਰਾਹ ਖੋਲ੍ਹ ਦਿੱਤਾ। ਇਸ ਪਿੱਛੋਂ ਸੁਬਕਤ ਦੀਨ, ਮਹਿਮੂਦ ਗਜ਼ਨਵੀ ਅਤੇ ਮੁਹੰਮਦ ਗੌਰੀ ਨੇ ਲਗਾਤਾਰ ਹਮਲੇ ਕੀਤੇ। 1000 ਈਸਵੀ ਤੱਕ ਸਮੁੱਚਾ ਪੰਜਾਬ ਮੁਸਲਮਾਨ ਹਮਲਾਵਰਾਂ ਦੇ ਕਬਜ਼ੇ ਹੇਠ ਆ ਗਿਆ। ਇਸ ਪਿੱਛੋਂ ਇਸ ਧਰਤੀ ਉੱਪਰ ਗੁਲਾਮ, ਖਿਲਜੀ, ਤੁਗਲਕ, ਲੋਧੀ ਆਦਿ ਵੰਸ਼ਾਂ ਨੇ ਰਾਜ ਕੀਤਾ। ਅਖ਼ੀਰ 1526 ਈ. ਵਿੱਚ ਬਾਬਰ ਦੇ ਹਮਲੇ ਨਾਲ ਇਥੇ ਮੁਗ਼ਲ ਸਾਮਰਾਜ ਸਥਾਪਿਤ ਹੋ ਗਿਆ। ਇਸ ਪ੍ਰਕਾਰ ਇਹ ਧਰਤੀ ਪੁਰਾਤਨ ਸਮੇਂ ਤੋਂ ਹੀ ਜੰਗਾਂ ਯੁੱਧਾਂ ਦਾ ਅਖਾੜਾ ਬਣੀ ਰਹੀ ਹੈ। ਇਹਨਾਂ ਯੁੱਧਾਂ ਵਿੱਚੋਂ ਹੀ ਦਲੇਰ ਅਤੇ ਲੜਾਕੀ ਪੰਜਾਬੀ ਕੌਮ ਦੀ ਘਾੜਤ ਹੁੰਦੀ ਹੈ। ਇਸ ਖਿੱਤੇ ਵਿੱਚ ਮੁਗਲ ਰਾਜ ਦੀ ਸਥਾਪਨਾ ਹੋਣ ਪਿੱਛੋਂ ਅੰਗਰੇਜ਼ਾਂ ਦੇ ਆਉਣ ਤੱਕ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਬਾਹਰਲੇ ਹਮਲਿਆਂ ਪੱਖੋਂ ਇਥੇ ਮੁਕੰਮਲ ਸ਼ਾਂਤੀ ਬਣੀ ਰਹੀ।

ਪਾਕਿਸਤਾਨੀ ਪੰਜਾਬ ਅਤੇ ਭਾਰਤੀ ਪੰਜਾਬ ਵਿੱਚ ਭਾਸ਼ਾ, ਸਾਹਿਤ ਅਤੇ ਸਭਿਆਚਾਰ ਵਿੱਚ ਬਹੁਤ ਸਾਰੀਆਂ ਸਾਂਝਾਂ ਹਨ। ਇਸ ਖਿੱਤੇ ਦੇ ਰਾਜਨੀਤਿਕ ਹਾਲਾਤ ਵੱਖੋ ਵੱਖਰੇ ਹਨ ਪਰ ਫਿਰ ਵੀ ਦੋਵਾਂ ਦੇ ਸਾਹਿਤ ਵਿੱਚ ਬਹੁਤ

ਸਾਰੀਆਂ ਸਾਂਝਾਂ ਪਾਈਆਂ ਜਾਂਦੀਆਂ ਹਨ ਅਤੇ ਆਰਥਿਕ, ਰਾਜਸੀ, ਸਮਾਜਿਕ ਤੇ ਰਾਜਨੀਤਿਕ ਹਾਲਾਤਾਂ ਵਿੱਚ ਵੀ ਕਾਫੀ ਭਿੰਨਤਾ ਨਜ਼ਰ ਪੈਂਦੀ ਹੈ।

**1.3 ਪੰਜਾਬੀ ਸਾਹਿਤ ਦੀ ਇਤਿਹਾਸਕਾਰੀ** :

ਪੰਜਾਬੀ ਸਾਹਿਤ ਦੇ ਇਤਿਹਾਸ ਲੇਖਣ ਦਾ ਕਾਰਜ ਸਾਂਝੇ ਪੰਜਾਬ ਵਿੱਚ ਹੀ ਸ਼ੁਰੂ ਹੋ ਗਿਆ ਸੀ। ਪਾਕਿਸਤਾਨ ਵਿੱਚ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਉੱਨਤ ਕਰਨ ਵਾਲਿਆਂ ਵਿੱਚ ਪ੍ਰਸਿੱਧ ਪੰਜਾਬੀ ਆਲੋਚਕ ਤੇ ਸਾਹਿਤ ਦੇ ਇਤਿਹਾਸਕਾਰ ਮੌਲਾ ਬਖਸ਼ ਕੁਸ਼ਤਾ ਦਾ ਨਾਂ ਵਿਸ਼ੇਸ਼ ਤੌਰ ਤੇ ਲਿਆ ਜਾ ਸਕਦਾ ਹੈ। ਉਹਨਾਂ ਨੇ ਆਪਣੇ ਨਿੱਜੀ ਯਤਨਾਂ ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਉਪਰ ਵੱਡਾ ਕਾਰਜ ਕੀਤਾ ਹੈ। ਉਨ੍ਹਾਂ ਨੇ ਐਂਗਲੋ ਪੰਜਾਬੀ ਕਾਲਜ ਸ਼ੁਰੂ ਕੀਤਾ। ਜਿਸ ਵਿੱਚ ਉਹ ਬਤੌਰ ਅਧਿਆਪਕ ਪੰਜਾਬੀ ਆਨਰਜ਼ (ਗਿਆਨੀ) ਦੀਆਂ ਜਮਾਤਾਂ ਨੂੰ ਪੜਾਇਆ ਕਰਦੇ ਸਨ। ਅਕਤੂਬਰ 1970 ਵਿੱਚ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਪ੍ਰਵਾਨਗੀ ਸਿਰਲੇਖ ਹੇਠ ਪ੍ਰੀਤਲੜੀ ਦੇ ਸੰਪਾਦਕ ਨੇ ਜੋ ਜਾਣਕਾਰੀ ਦਿੱਤੀ ਹੈ ਉਸ ਵਿੱਚ 'ਦੇਸ ਪੰਜਾਬ ਮਹਾਨ' ਦੀਆਂ ਕੋਸ਼ਿਸ਼ਾਂ ਦਾ ਵਿਸ਼ੇਸ਼ ਤੌਰ ਉੱਤੇ ਵਰਣਨ ਕੀਤਾ ਹੈ। ਇਸੇ ਪ੍ਰਕਾਰ ਪਾਕਿਸਤਾਨ ਵਿੱਚ ਹੋਰ ਵਿਦਿਅਕ ਸੰਸਥਾਵਾਂ ਵਿੱਚ ਵੀ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਜ਼ਰੂਰੀ ਵਿਸ਼ਾ ਪੜ੍ਹਾਇਆ ਜਾਂਦਾ ਹੈ। ਇਸੇ ਤਰ੍ਹਾਂ ਲਾਹੌਰ ਵਿੱਚ ਵੀ ਕਈ ਵਿਦਿਅਕ ਅਦਾਰੇ ਖੋਲ੍ਹੇ ਗਏ ਹਨ ਜਿਨ੍ਹਾਂ ਵਿੱਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜਾਇਆ ਜਾਂਦਾ ਹੈ ਜੋ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਦੇ ਵਿਕਾਸ ਤੇ ਨਿਕਾਸ ਲਈ ਬਹੁਤ ਲਾਹੇਵੰਦ ਸਿੱਧ ਹੋਇਆ ਹੈ। ਕਈ ਪਾਕਿਸਤਾਨੀ ਪੰਜਾਬੀ ਸਾਹਿਤਕਾਰ ਪਾਕਿਸਤਾਨੀ ਪੰਜਾਬ ਬਣਨ ਮਗਰੋਂ ਪੰਜਾਬੀ ਵੱਲ ਆਏ ਹਨ, ਪਹਿਲਾਂ ਉਹ ਅੰਗਰੇਜ਼ੀ ਜਾਂ ਉਰਦੂ ਜ਼ੁਬਾਨ ਵਿੱਚ ਲਿਖਿਆ ਕਰਦੇ ਸਨ। ਪਰ ਮਾਦਰੀ ਜ਼ਬਾਨ ਦੇ ਪਿਆਰ ਨੇ ਉਨ੍ਹਾਂ ਨੂੰ ਆਪਣੇ ਵੱਲ ਖਿੱਚਿਆ ਹੈ ਤੇ ਉਹ ਪੰਜਾਬੀ ਭਾਸ਼ਾ ਵਿੱਚ ਸਾਹਿਤ ਰਚਨਾ ਕਰਨ ਲਗੇ ਹਨ। ਪਰ ਵੱਡੀ ਦਿਕਤ ਹੈ ਕਿ ਬਹੁਤੇ ਯਤਨ ਨਿੱਜੀ ਹਨ ਕਿਸੇ ਤਰ੍ਹਾਂ ਦੀ ਰਾਜਸੀ ਪੁਸ਼ਤ ਪਨਾਹੀ ਨਹੀਂ ਮਿਲ ਰਹੀ। ਸਰਕਾਰਾਂ ਵੱਲੋਂ ਉਰਦੂ ਫਾਰਸੀ ਵੱਲ ਸੁਚੇਤ ਤੌਰ ਤੇ ਯਤਨ ਕੀਤੇ ਜਾ ਰਹੇ ਹਨ ਜਿਸ ਕਾਰਨ ਪੰਜਾਬੀ ਭਾਸ਼ਾ ਦਾ ਸਾਹਿਤ ਵੱਡੀ ਮਾਤਰਾ ਵਿੱਚ ਹੋਣ ਦੇ ਬਾਵਜੂਦ ਪੱਛੜ ਰਿਹਾ ਹੈ।

**1.4 ਪਾਕਿਸਤਾਨੀ ਪੰਜਾਬੀ ਸਾਹਿਤ** :- ਪਾਕਿਸਤਾਨੀ ਪੰਜਾਬ ਵਿੱਚ ਵੀ ਬਹੁਤ ਸਾਰਾ ਪੰਜਾਬੀ ਸਾਹਿਤ ਰਚਿਆ ਗਿਆ ਹੈ। ਜਿਹੜਾ ਵਿਸ਼ਿਆਂ ਅਤੇ ਵਿਚਾਰਧਾਰਾ ਪੱਖੋਂ ਆਪਣੀ ਨਿਵੇਕਲੀ ਪਛਾਣ ਸਥਾਪਿਤ ਕਰਦਾ ਹੈ। ਪੰਜਾਬ ਦੀ ਅਣਸੁਖਾਂਵੀ ਵੰਡ ਦਾ ਦਰਦ ਇਸ ਸਾਹਿਤ ਵਿੱਚ ਵੀ ਬਾਖੂਬੀ ਬਿਆਨ ਕੀਤਾ ਗਿਆ ਹੈ। ਰੂਪਾਕਾਰਾਂ ਦੇ ਪੱਖੋਂ ਪਾਕਿਸਤਾਨੀ ਪੰਜਾਬ ਵਿੱਚ ਵੰਨ ਸੁਵੰਨਤਾ ਵਾਲਾ ਸਾਹਿਤ ਰਚਿਆ ਗਿਆ ਹੈ ਜਿਵੇਂ ਕਵਿਤਾ, ਨਾਵਲ, ਨਾਟਕ, ਇਕਾਂਗੀ, ਵਾਰਤਕ, ਆਦਿ। ਪੰਜਾਬੀ ਕਵਿਤਾ ਵਿੱਚ ਮਨੁੱਖੀ ਮਨ ਦੀਆਂ ਭਾਵਨਾਵਾਂ, ਉਮੰਗਾਂ, ਸੁਪਨਿਆਂ ਜਜ਼ਬਿਆਂ ਤੇ ਸੱਧਰਾਂ ਨੂੰ ਰੂਪਮਾਨ ਕੀਤਾ ਹੈ ਅਤੇ ਵੰਡ ਦੇ ਦੁਖਾਂਤ, ਆਰਥਿਕ, ਰਾਜਸੀ ਲੁੱਟਮਾਰ, ਫਿਰਕੂ ਹਾਲਾਤਾਂ ਨੂੰ ਬਾਖੂਬੀ ਪੇਸ਼ ਕੀਤਾ ਹੈ। ਪਾਕਿਸਤਾਨ ਵਿੱਚ ਰਾਜਨੀਤਿਕ ਪ੍ਰਣਾਲੀ ਇਕ ਪੁਰਖੀ ਤੇ ਫ਼ੌਜੀ ਰਾਜ ਪ੍ਰਬੰਧ ਹੋਣ ਕਾਰਨ ਆਧੁਨਿਕ ਭਾਵਬੋਧ ਤੇ ਆਧੁਨਿਕ ਸੰਵੇਦਨਾ ਵਾਲੀਆਂ ਕਾਵਿ ਕ੍ਰਿਤਾਂ ਦੀ ਥਾਂ ਭੂਪਵਾਦੀ, ਅਪਸਾਰਵਾਦੀ ਜਾਂ ਰੁਮਾਂਟਿਕ ਉਪ-

ਭਾਵੁਕਤਾ ਵਾਲੀਆਂ ਕਾਵਿ-ਕ੍ਰਿਤਾਂ ਰਚੀਆਂ ਗਈਆਂ ਹਨ। ਨਾਵਲ ਅਤੇ ਕਹਾਣੀ ਲਿਖਣ ਵਾਲੇ ਕਈ ਸਮਰੱਥ ਗਲਪਕਾਰ ਮੌਜੂਦ ਹਨ ਜਿਨ੍ਹਾਂ ਦੀਆਂ ਗਲਪ ਰਚਨਾਵਾਂ ਵਿੱਚ ਵਿਰਸੇ ਤੇ ਪਰੰਪਰਾ ਪ੍ਰਤੀ ਹੇਰਵੇ ਤੇ ਸਵੈ ਮੋਹ ਦੀ ਭਾਵਨਾ ਨੂੰ ਵਿਅੰਗਾਤਮਕ, ਪ੍ਰਤੀਕਾਤਮਕ ਸ਼ੈਲੀਆਂ ਆਦਿ ਵਿੱਚ ਉਸਾਰਿਆ ਗਿਆ ਹੈ। ਇਸੇ ਤਰ੍ਹਾਂ ਪਾਕਿਸਤਾਨੀ ਨਾਟਕਕਾਰਾਂ ਨੇ ਸਮੇਂ ਦੇ ਯਥਾਰਥ ਨੂੰ ਆਪਣੀਆਂ ਨਾਟ ਰਚਨਾਵਾਂ ਵਿੱਚ ਬਹੁਤ ਹੀ ਕਾਟਵੇਂ ਵਿਅੰਗ ਦੇ ਰੂਪ ਵਿੱਚ ਪ੍ਰਸਤੁਤ ਕੀਤਾ ਹੈ। ਬਹੁਤ ਸਾਰਾ ਅਧਿਆਤਮਕ ਸਾਹਿਤ, ਸੂਫ਼ੀ ਸਾਹਿਤ ਅਤੇ ਕਿੱਸਾ ਸਾਹਿਤ ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਵਿੱਚ ਹੀ ਲਿਖਿਆ ਜਾ ਚੁੱਕਿਆ ਸੀ। ਸੋ ਪਾਕਿਸਤਾਨੀ ਸਾਹਿਤਕਾਰਾਂ ਕੋਲ ਸਾਹਿਤ ਦੀ ਲੰਮੀ ਚੌੜੀ ਸਾਹਿਤਕ ਪਰੰਪਰਾ ਪਿਛੋਕੜ ਵਜੋਂ ਹਾਜ਼ਰ ਸੀ।

ਪਾਕਿਸਤਾਨੀ ਪੰਜਾਬ ਵਿੱਚ ਸਾਹਿਤ ਅਤੇ ਸਾਹਿਤ ਅਲੋਚਨਾ ਦੀ ਵੀ ਪਰੰਪਰਾ ਮੌਜੂਦ ਸੀ। ਸੂਫ਼ੀ ਫ਼ਕੀਰ ਸਮਾਜਿਕ ਬੁਰਾਈਆਂ ਦੇ ਖਾਤਮੇ ਦੇ ਨਾਲ-ਨਾਲ ਮਨੁੱਖੀ ਮਨ ਦੀ ਹਉਮੈ ਨੂੰ ਮਾਰ ਕੇ ਸੂਫ਼ੀ ਫਲਸਫੇ ਦੀ ਹਕੀਕੀ ਇਸ਼ਕ ਦੀ ਪ੍ਰੋੜਤਾ ਕਰਦੇ ਹਨ। ਆਲੋਚਨਾ ਦੇ ਖੇਤਰ ਵਿੱਚ ਪਾਕਿਸਤਾਨੀ ਪੰਜਾਬੀ ਸਾਹਿਤ ਦੀ ਜਿਨ੍ਹੀ ਵੀ ਪਰਖ ਪੜਚੋਲ ਹੋਈ ਉਸ ਵਿੱਚ ਮਨੁੱਖ ਦੀ ਸਾਧਾਰਨਤਾ ਨੂੰ ਪਛਾਣਨ ਦੀ ਥਾਂ ਇਸਲਾਮੀ ਬਣਤਰ ਅਨੁਸਾਰ ਹੀ ਧਾਰਨਾਵਾਂ ਪ੍ਰਸਤੁਤ ਹੋਈਆਂ ਹਨ। ਪਾਕਿਸਤਾਨ ਇਕ ਧਰਮ ਆਧਾਰਿਤ/ਇਸਲਾਮਿਕ ਮੁਲਕ ਹੋਣ ਕਾਰਨ ਪਾਕਿਸਤਾਨੀ ਪੰਜਾਬੀ ਸਾਹਿਤਕਾਰਾਂ ਦੀਆਂ ਕਈ ਤਰ੍ਹਾਂ ਦੀਆਂ ਸੀਮਾਵਾਂ ਹਨ। ਉਹ ਸਾਹਿਤਕਾਰ ਬਹੁਤੀ ਵਾਰ ਸ਼ਰੇਆਮ ਅਤੇ ਖੁੱਲ੍ਹ ਕੇ ਕੋਈ ਗੱਲ ਨਹੀਂ ਕਹਿ ਸਕਦੇ ਇਸ ਲਈ ਉਹ ਵਕਰੋਕਤੀ ਜਾਂ ਚਿੰਨ੍ਹਾਂ, ਪ੍ਰਤੀਕਾਂ ਰਾਹੀਂ ਆਪਣੀਆਂ ਭਾਵਨਾਵਾਂ ਵਿਅਕਤ ਕਰਦੇ ਹਨ। ਇਸੇ ਲਈ ਕਿਹਾ ਜਾਂਦਾ ਹੈ ਕਿ ਪਾਕਿਸਤਾਨ ਦੇ ਲੇਖਕ ਤੇ ਸਾਹਿਤਕਾਰ ਇਧਰਲੇ ਸਾਹਿਤਕਾਰਾਂ ਤੋਂ ਉਲਟ ਪ੍ਰਤੀਕਾਂ ਤੇ ਚਿੰਨ੍ਹਾਂ ਰਾਹੀਂ ਆਪਣੇ ਪੱਖਾਂ ਨੂੰ ਪੇਸ਼ ਕਰਦੇ ਹਨ। ਜਿਸ ਕਰਕੇ ਉਹ ਜ਼ਿਆਦਾਤਰ ਚਿੰਨ੍ਹਵਾਦੀ ਬਣਦੇ ਜਾ ਰਹੇ ਹਨ।

**1.5 ਪਾਕਿਸਤਾਨੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ** : ਪਾਕਿਸਤਾਨੀ ਪੰਜਾਬੀ ਸਾਹਿਤ ਵੀ ਪੰਜਾਬ ਵੰਡ ਨਾਲ ਹੀ ਰਚਿਆ ਜਾਣਾ ਸ਼ੁਰੂ ਹੋ ਗਿਆ। ਪਰ ਹੁਣ ਤੱਕ ਪ੍ਰਾਪਤ ਸਾਹਿਤ ਦੇ ਇਤਿਹਾਸ ਦੀਆਂ ਪੁਸਤਕਾਂ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਦੋਹਾਂ ਪਾਸਿਆਂ ਦੇ ਇਤਿਹਾਸਕਾਰਾਂ ਨੇ ਅੱਧੇ ਅਧੂਰੇ ਇਤਿਹਾਸ ਲਿਖੇ ਹਨ। ਭਾਰਤੀ ਸਾਹਿਤਕ ਇਤਿਹਾਸ ਦੀਆਂ ਪੁਸਤਕਾਂ ਵਿੱਚ ਬਹੁਤ ਸਾਰੇ ਪਾਕਿਸਤਾਨੀ ਸਾਹਿਤਕਾਰਾਂ ਨੂੰ ਛੱਡ ਦਿੱਤਾ ਗਿਆ ਅਤੇ ਪਾਕਿਸਤਾਨੀ ਸਾਹਿਤ ਇਤਿਹਾਸਕਾਰਾਂ ਨੇ ਬਹੁਤ ਸਾਰੇ ਭਾਰਤੀ ਪੰਜਾਬ ਦੇ ਲੇਖਕਾਂ ਇਥੋਂ ਤੱਕ ਕਿ ਕਈਆਂ ਨੇ ਤਾਂ ਗੁਰੂ ਸਹਿਬਾਨਾਂ ਅਤੇ ਸੂਫ਼ੀਆਂ ਨੂੰ ਵੀ ਛੱਡ ਦਿੱਤਾ ਹੈ। ਡਾ. ਰਾਜਿੰਦਰ ਪਾਲ ਬਰਾੜ ਨੇ ਕਰਨੈਲ ਸਿੰਘ ਥਿੰਦ ਅਤੇ ਧਰਮ ਸਿੰਘ ਦੇ ਹਵਾਲੇ ਨਾਲ ਕਿਹਾ ਹੈ ਕਿ,"ਪਾਕਿਸਤਾਨੀ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਖ਼ਾਸ ਕਰਕੇ ਮੁਸ਼ਤਾਕ ਬਾਸਤ ਅਤੇ ਸ਼ਹਿਬਾਜ਼ ਮਲਿਕ ਵਰਗਿਆਂ ਨੇ ਅਧੂਰੇ ਰੂਪ ਵਿਚ ਸਾਹਿਤ ਦਾ ਇਤਿਹਾਸ ਰਚਿਆ ਹੈ ਜਿਸ ਵਿਚ ਭਾਰਤੀ ਪੰਜਾਬੀ ਖ਼ਾਸ ਕਰਕੇ ਸਿੱਖ ਗੁਰੂਆਂ ਦੇ ਸਾਹਿਤ ਨੂੰ ਨਿਗੂਣਾ ਸਥਾਨ ਦਿੱਤਾ ਹੈ ਜਾਂ ਅਣਗੌਲਿਆਂ ਕੀਤਾ ਹੈ ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਓਧਰ ਵੀ ਨਜ਼ਮ ਹੁਸੈਨ ਸੱਯਦ, ਅਹਿਮਦ ਸਲੀਮ ਅਤੇ ਅਫਜ਼ਲ

ਅਹਿਸਨ ਰੰਧਾਵਾ ਵਰਗੇ ਲੇਖਕ/ਚਿੰਤਕ ਵਸਦੇ ਹਨ ਜਿਹੜੇ ਸਿੱਧੇ ਇਤਿਹਾਸਕਾਰੀ ਨਾਲ ਭਾਵੇਂ ਨਹੀਂ ਜੁੜੇ ਪਰ ਉਨ੍ਹਾਂ ਨੇ ਸਾਂਝੀ ਰਹਿਤਲ ਦੀ ਗੱਲ ਕੀਤੀ ਹੈ। ਇਧਰਲੇ ਪੰਜਾਬ ਵਿਚ ਆਜ਼ਾਦੀ ਉਪਰੰਤ ਲਿਖੇ ਗਏ ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਆਧੁਨਿਕ ਪਾਕਿਸਤਾਨੀ ਸਾਹਿਤ ਨੂੰ ਵੀ ਕੋਈ ਬਹੁਤੀ ਮਹੱਤਤਾ ਨਹੀਂ ਦਿੱਤੀ ਗਈ। ਇੱਥੋਂ ਤਕ ਕਿ ਕਿਰਪਾਲ ਸਿੰਘ ਕਸੇਲ, ਪ੍ਰਮਿੰਦਰ ਸਿੰਘ ਅਤੇ ਗੋਬਿੰਦ ਸਿੰਘ ਲਾਂਬਾ ਵੱਲੋਂ ਲਿਖੇ ਗਏ ਅਤੇ ਕਈ ਵਾਰ ਸੋਧੇ ਗਏ 2000 ਵਿਚ ਛਪੇ ਨੌਵੇਂ ਸੰਸਕਰਨ ਦੇ 852 ਪੰਨਿਆਂ ਵਿਚੋਂ ਭਾਰਤੀ ਪੰਜਾਬੀ ਆਧੁਨਿਕ ਸਾਹਿਤ ਨੂੰ 340 ਪੰਨੇ ਦਿੱਤੇ ਗਏ ਹਨ ਜਦੋਂ ਕਿ ਆਧੁਨਿਕ ਪਾਕਿਸਤਾਨੀ ਸਾਹਿਤ ਨੂੰ ਕੇਵਲ 15 ਪੰਨੇ ਹੀ ਮਿਲੇ ਹਨ। ਦੂਜੇ ਸਾਹਿਤ ਦੇ ਇਤਿਹਾਸਾਂ ਦਾ ਹਾਲ ਵੀ ਇਸ ਤੋਂ ਚੰਗਾ ਨਹੀਂ ਸਗੋਂ ਮਾੜਾ ਹੀ ਹੈ।

ਪਾਕਿਸਤਾਨੀ ਲੇਖਕਾਂ ਵੱਲੋਂ1947 ਤੋਂ ਹੁਣ ਤਕ ਲਿਖੀਆਂ ਗਈਆਂ ਸਾਹਿਤ ਦੇ ਇਤਿਹਾਸ ਦੀਆਂ ਪੁਸਤਕਾਂ ਦਾ ਕ੍ਰਮ ਅਨੁਸਾਰ ਵੇਰਵਾ ਇਸ ਤਰ੍ਹਾਂ ਹੈ। ਜਿਵੇਂ - (1) ਸੱਜਰੇ ਫ਼ੁੱਲ - ਅਨੀਸ ਨਾਗੀ (2) ਮਹਿਕਦੇ ਫੂਲ - ਫ਼ਕੀਰ ਚੰਦ ਮੁਹੰਮਦ, (3) ਪੰਜਾਬੀ ਅਦਬ-ਓ-ਤਾਰੀਖ - ਸ੍ਰੀਮਤੀ ਸਸ਼ੀਮ ਚੌਧਰੀ, (4) ਮੂੰਹ ਆਈ ਗੱਲ (5) ਨਿਤਾਰੇ।

ਸੱਜਰੇ ਫੁੱਲ - ਅਨੀਸ ਨਾਗੀ : ਇਹ 1959 ਵਿੱਚ ਪ੍ਰਕਾਸ਼ਿਤ ਪਾਕਿਸਤਾਨੀ ਪੰਜਾਬੀ ਸ਼ਾਇਰਾਂ ਦੀਆਂ ਰਚਨਾਵਾਂ ਦਾ ਸੰਪਾਦਿਤ ਸੰਗ੍ਰਹਿ ਹੈ, ਜਿਸ ਦੇ ਅੰਤ ਉੱਤੇ ਸੰਪਾਦਕ ਨੇ ਪੁਸਤਕ ਵਿੱਚ ਸ਼ਾਮਿਲ ਕਵੀਆਂ ਬਾਰੇ ਜਾਣ-ਪਛਾਣ ਦਿੱਤੀ ਹੈ, ਵਿਸ਼ੇਸ਼ ਤੌਰ ਉੱਤੇ ਕਵੀਆਂ ਦੇ ਚਿੰਤਨ ਤੇ ਕਲਾ ਦੀ ਚਰਚਾ ਕੀਤੀ ਗਈ ਹੈ।

ਮਹਿਕਦੇ ਫੂਲ - ਫਕੀਰ ਚੰਦ ਮੁਹੰਮਦ : ਫ਼ਕੀਰ ਮੁਹੰਮਦ ਫ਼ਕੀਰ ਦੁਆਰਾ 1959 ਵਿੱਚ ਪ੍ਰਕਾਸ਼ਿਤ ਇਸ ਪੁਸਤਕ ਵਿੱਚ ਪਾਕਿਸਤਾਨੀ ਪੰਜਾਬ ਭਾਵ ਵਾਘਿਓਂ ਪਾਰ ਲਹਿੰਦੇ ਪੰਜਾਬ ਦੇ ਅੱਠ ਸ਼ਾਇਰਾਂ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ ਤੇ ਸ਼ਾਹਬਾਜ਼ ਮਲਿਕ ਦੇ ਸ਼ਬਦਾਂ ਵਿੱਚ ਇਨ੍ਹਾਂ ਕਲਾਸਿਕੀ ਸ਼ਾਇਰਾਂ ਦੀ ਸ਼ਾਇਰੀ ਦੀ ਰੂਹ ਤੀਕਰ ਅਪੜਨ ਦੀ ਕਾਮਯਾਬ ਕੋਸ਼ਿਸ਼ ਕੀਤੀ ਗਈ ਹੈ। ਇਸੇ ਤਰ੍ਹਾਂ ਮੁਹੰਮਦ ਸਰਵਰ ਦੀ ਪੁਸਤਕ 'ਪੰਜਾਬੀ ਸਾਹਿਤ ਦਾ ਸੰਖੇਪ ਇਤਿਹਾਸ' ਆਖੀ ਜਾ ਸਕਦੀ ਹੈ ਇਹ ਪੁਸਤਕ ਉਰਦੂ ਵਿੱਚ ਲਿਖੀ ਹੋਈ ਹੈ। ਪਾਕਿਸਤਾਨ ਵਿੱਚ ਇਹ ਅੱਜ ਵੀ ਹਵਾਲਾ ਪੁਸਤਕ ਦੇ ਤੌਰ ਉੱਤੇ ਵਰਤੀ ਜਾਂਦੀ ਹੈ।

ਪੰਜਾਬੀ ਅਦਬ-ਓ-ਤਾਰੀਖ(ਸ੍ਰੀਮਤੀ ਸਸ਼ੀਮ ਚੌਧਰੀ): ਇਹ ਪੁਸਤਕ 1962 ਵਿੱਚ ਪ੍ਰਕਾਸ਼ਿਤ ਪੰਜਾਬੀ ਸ਼ਾਇਰਾਂ ਦਾ ਤਜ਼ਕਰਾ ਦਾ ਸੰਖੇਪ ਸਾਰ ਮਾਤਰ ਹੈ, ਜਿਸ ਨੂੰ ਲੇਖਿਕਾ ਨੇ ਸੱਠ ਚੌਣਵੇ ਸ਼ਾਇਰਾਂ ਤਕ ਮਹਿਦੂਦ ਰਖਿਆ ਹੈ ਤੇ ਉਨ੍ਹਾਂ ਸਭ ਤਰੁੱਟੀਆਂ ਨੂੰ ਵੀ ਦੁਹਰਾਇਆ ਹੈ।

'ਮੂੰਹ ਆਈ ਗੱਲ' ਸ਼ਾਹਬਾਜ ਮਲਿਕ ਦੁਆਰਾ ਲਿਖੀ ਗਈ ਪੁਸਤਕ ਹੈ। ਇਹ ਪੁਸਤਕ ਪਿਛਲੇ 800 ਸਾਲ ਦੇ ਪੰਜਾਬੀ ਅਦਬ ਦਾ ਜਾਇਜ਼ਾ ਲੈਣ ਦੇ ਮੰਤਵ ਨਾਲ ਲਿਖੀ ਗਈ ਹੈ। ਸ਼ਾਹਬਾਜ ਦੁਆਰਾ ਪੰਜਾਬੀ ਅਦਬ ਦੀ ਦੌਰ ਵੰਡ ਦੀ ਮੌਲਿਕਤਾ ਕੇਵਲ ਇਕ ਗੱਲੋਂ ਹੈ ਕਿ ਉਹ ਸਿੱਖ ਰਾਜ ਕਾਲ ਨੂੰ ਕਾਲ ਸਵੀਕਾਰ ਕਰਨ ਤੋਂ ਗੁਰੇਜ਼ ਕਰਦਾ ਹੈ ਤੇ ਇਸ ਨੂੰ ਦੂਜਾ ਮੁਗ਼ਲ ਦੌਰ ਹੀ ਗਿਣਦਾ ਹੈ।

ਨਿਤਾਰੇ : ਇਹ ਸ਼ਾਹਬਾਜ ਦੁਆਰਾ ਲਿਖੀ ਗਈ ਇਕ ਹੋਰ ਪੁਸਤਕ ਹੈ। ਸ਼ਾਹਬਾਜ ਮਲਿਕ ਦੁਆਰਾ 1979 ਵਿੱਚ ਪ੍ਰਕਾਸ਼ਿਤ ਇਹ ਪੁਸਤਕ ਬਕਾਇਦਾ ਤੌਰ ਉੱਤੇ ਸਾਹਿਤ ਦਾ ਇਤਿਹਾਸ ਨਹੀਂ ਹੈ, ਮਲਿਕ ਦੇ ਤਨਕੀਦੀ ਤੇ ਤਹਿਕੀਕੀ ਮਜਮੂਨਾ ਦਾ ਮਜੱਸਮਾ ਹੈ। ਇਸ ਦੇ ਅਧਿਆਇ ਤਿੰਨ ਵਿੱਚ ਪੰਜਾਬੀ ਅਦਬ ਦੀ ਮੁਸਲਮਾਨੀ ਰਵਾਇਤ ਨਾਲ ਸਬੰਧਿਤ ਮਜ਼ਮੂਨ ਹਨ, ਜਿਨ੍ਹਾਂ ਦੀ ਕਾਲ ਵੰਡ ਕੀਤੀ ਗਈ ਹੈ। ਇਹਨਾਂ ਪੁਸਤਕਾਂ ਤੋਂ ਇਲਾਵਾ ਪਾਕਿਸਤਾਨੀ ਪੰਜਾਬੀ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਦੇ ਵੱਖਰੇ ਇਤਿਹਾਸ ਲਿਖੇ ਗਏ ਹਨ ਜਿਨ੍ਹਾਂ ਵਿੱਚ ਵਿਸਥਾਰ ਸਹਿਤ ਵਿਧਾਗਤ ਵਿਸ਼ੇਸ਼ਤਾਵਾਂ ਅਤੇ ਲੱਛਣਾਂ ਦੀ ਚਰਚਾ ਕੀਤੀ ਗਈ ਹੈ।

**ਭਾਗ-2**

## ਪਾਕਿਸਤਾਨੀ ਪੰਜਾਬੀ ਸਾਹਿਤ ਦੀਆਂ ਪ੍ਰਵਿਰਤੀਆਂ/ ਝੁਕਾਅ/ ਪੜਾਅ

ਇਧਰਲੇ ਪੰਜਾਬੀ ਸਾਹਿਤ ਵਾਂਗ ਪਾਕਿਸਤਾਨੀ ਪੰਜਾਬੀ ਸਾਹਿਤ ਦੀਆਂ ਵੀ ਬਹੁਤ ਸਾਰੀਆਂ ਪ੍ਰਵਿਰਤੀਆਂ/ ਝੁਕਾਅ ਜਾਂ ਪੜਾਅ ਨਜ਼ਰੀ ਪੈਂਦੇ ਹਨ। ਇਹਨਾਂ ਵਿਭਿੰਨ ਝੁਕਾਵਾਂ ਜ਼ਰੀਏ ਇਸ ਸਾਹਿਤ ਦੀ ਬੁਨਿਆਦੀ ਸਮਝ ਪ੍ਰਾਪਤ ਕੀਤੀ ਜਾ ਸਕਦੀ ਹੈ ਜਾਂ ਇਸਦੇ ਬੁਨਿਆਦੀ ਵਿਚਾਰਧਾਰਕ ਤੱਥਾਂ ਅਤੇ ਸਾਹਿਤਕ ਸਰੋਕਾਰਾਂ ਨੂੰ ਪਛਾਣਿਆ ਜਾ ਸਕਦਾ ਹੈ। ਕਿਸੇ ਵੀ ਖਿੱਤੇ ਦੇ ਸਮਾਜਿਕ ਰਾਜਸੀ ਮਹੌਲ ਦਾ ਅਸਰ ਉਸ ਖਿੱਤੇ ਦੀ ਕਲਾ ਅਤੇ ਸਾਹਿਤ ਉਪਰ ਪੈਣਾ ਲਾਜ਼ਮੀ ਹੁੰਦਾ ਹੈ। ਇਸ ਸਭਿਆਚਾਰਕ, ਆਰਥਿਕ, ਰਾਜਸੀ ਵਾਤਾਵਰਨ ਵਿੱਚੋਂ ਹੀ ਸਾਹਿਤ ਦੀਆਂ ਪ੍ਰਵਿਰਤੀਆਂ ਹੋਂਦ ਗ੍ਰਹਿਣ ਕਰਦੀਆਂ ਹਨ। ਪਾਕਿਸਤਾਨੀ ਪੰਜਾਬੀ ਸਾਹਿਤ ਕਿਸੇ ਇਕ ਵਿਚਾਰਧਾਰਾ ਜਾਂ ਪ੍ਰਵਿਰਤੀ ਵਿੱਚ ਬੱਝਿਆ ਹੋਇਆ ਨਹੀਂ ਹੈ ਸਗੋਂ ਇਸ ਵਿੱਚ ਕਈ ਵਿਚਾਰਧਾਰਾਵਾਂ ਅਤੇ ਪ੍ਰਵਿਰਤੀਆਂ ਵਹਿੰਦੀਆਂ ਰਹੀਆਂ ਹਨ।

ਪਾਕਿਸਤਾਨੀ ਪੰਜਾਬੀ ਸਾਹਿਤ ਦੀਆਂ ਬਹੁਤ ਸਾਰੀਆਂ ਪ੍ਰਵਿਰਤੀਆਂ ਸਮੇਂ ਦੇ ਵਹਾਅ ਨਾਲ ਵਿਗਸਦੀਆਂ ਅਤੇ ਬਿਨਸਦੀਆਂ ਰਹੀਆਂ ਹਨ। ਇਥੇ ਵੱਡੀ ਸਮੱਸਿਆ ਇਹ ਹੈ ਕਿ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵੱਖ ਵੱਖ ਪ੍ਰਵਿਰਤੀਆਂ ਦੇ ਅੰਤਰਗਤ ਰਚੀਆਂ ਜਾਂਦੀਆਂ ਰਹੀਆਂ ਹਨ। ਸਮੁੱਚੇ ਸਾਹਿਤ ਨੂੰ ਸਾਂਝੇ ਤੌਰ ਤੇ ਇਹਨਾਂ ਪ੍ਰਵਿਰਤੀਆਂ ਦੇ ਤਹਿਤ ਵਿਚਾਰਨਾ ਖਾਸਾ ਕਠਿਨ ਕਾਰਜ ਹੈ। ਪਾਕਿਸਤਾਨੀ ਪੰਜਾਬੀ ਸਾਹਿਤ ਨੂੰ ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਨਜ਼ਰ ਪੈਂਦਾ ਹੈ ਕਿ ਇਸਦਾ ਜ਼ਿਆਦਾ ਜੋਰ ਤਰਜ਼ਮਾਕਾਰੀ ਜਾਂ ਤਜ਼ਕਰਾਕਾਰੀ ਉੱਪਰ ਰਿਹਾ ਹੈ। ਇਸ ਵਿੱਚ ਸਾਹਿਤਕਾਰ ਦਾ ਜੀਵਨ, ਪੁਸਤਕਾਂ ਦਾ ਵੇਰਵਾ ਜਾਂ ਰਚਨਾਵਾਂ ਦਾ ਵੇਰਵਾ ਮਾਤਰ ਦੱਸਿਆ ਜਾਂਦਾ ਹੈ। ਫਿਰ ਵੀ ਜੇਕਰ ਸਾਂਝੇ ਰੂਪ ਵਿੱਚ ਸਮੁੱਚੇ ਪਾਕਿਸਤਾਨੀ ਸਾਹਿਤ ਦੀਆਂ ਪ੍ਰਵਿਰਤੀਆਂ ਦੀ ਵਿਚਾਰਧਾਰਾਕ ਤੌਰ ਕੋਈ ਦਿਸ਼ਾ ਨਿਰਧਾਰਿਤ ਕਰਨੀ ਹੋਵੇ ਤਾਂ ਸਾਹਿਤ ਅਧਿਐਨ ਦੇ ਆਧਾਰ ਤੇ ਇਹਨਾਂ ਪ੍ਰਵਿਰਤੀਆਂ ਦੀ ਨਿਸ਼ਾਨਦੇਈ ਕੀਤੀ ਜਾ ਸਕਦੀ ਹੈ।

**2.1 ਪਾਕਿਸਤਾਨੀ ਪੰਜਾਬੀ ਸਾਹਿਤ ਦੇ ਵਿਭੰਨ ਰੂਪ:** 1947 ਵਿੱਚ ਧਰਮ ਦੇ ਆਧਾਰ ਤੇ ਪਾਕਿਸਤਾਨ ਹੋਂਦ ਵਿੱਚ ਆਉਂਦਾ ਹੈ। ਵਸਦੇ ਰਸਦੇ ਹਿੰਦੂ ਸਿੱਖ ਪਾਕਿਸਤਾਨ ਚੋਂ ਉਜੜ ਕੇ ਆਪਣਾ ਸਭ ਕੁਝ ਗਵਾ ਕੇ, ਜਾਨੀ ਮਾਲੀ ਨੁਕਸਾਨ ਕਰਵਾ ਕੇ ਇਧਰਲੇ ਪੰਜਾਬ ਆਉਂਦੇ ਹਨ। ਇਧਰਲੇ ਪੰਜਾਬ ਘੁੱਗ ਵਸਦੇ ਮੁਸਲਮਾਨਾਂ ਨੂੰ ਉਜੜ ਕੇ ਆਪਣਾ ਸਭ ਕੁਝ ਛੱਡ ਕੇ ਪਾਕਿਸਤਾਨ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ। ਇਹਨਾਂ ਦੋਹਾਂ ਕੌਮਾਂ ਦੀ ਨਸਲ, ਭਾਸ਼ਾ, ਸਭਿਆਚਾਰ, ਰਹਿਣ ਸਹਿਣ ਸਾਂਝਾਂ ਹੈ। ਪਰ ਦੇਸ਼ ਦੀ ਵੰਡ ਨੇ ਇਹਨਾਂ ਲੋਕਾਂ ਨੂੰ ਮਨੋ- ਅਵਚੇਤਨੀ ਪੱਧਰ ਤੱਕ ਦੋਫਾੜ ਕਰ ਦਿੱਤਾ। ਪਾਕਿਸਤਾਨੀ ਪੰਜਾਬ ਦੇ ਸਾਹਿਤਕਾਰਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਵਿੱਚ ਇਸੇ ਹੀ ਪੀੜ ਦਾ ਅਨੁਭਵ ਪੇਸ਼ ਹੋਇਆ ਹੈ।

ਪਾਕਿਸਤਾਨ ਦੀ ਕਾਇਮੀ (1947) ਤੋਂ ਲੈ ਕੇ ਹੁਣ ਤਕ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਬਾਰੇ ਸੰਖੇਪ ਜਾਣਕਾਰੀ ਅੱਗੇ ਦਿੱਤੀ ਜਾ ਰਹੀ ਹੈ। ਇੱਥੇ ਪੂਰਾ ਵੇਰਵਾ ਸੰਭਵ ਨਹੀਂ ਹੈ। ਪਾਕਿਸਤਾਨੀ ਪੰਜਾਬੀ ਕਵੀਆਂ ਕੋਲ ਸ਼ਾਇਰੀ/ਕਵਿਤਾ ਦੀ ਜ਼ੋਰਦਾਰ ਰਵਾਇਤ ਹੈ। ਸਰੀਫ਼ ਕੁੰਜਾਹੀ ਨੇ ਪਾਕਿਸਤਾਨੀ ਪੰਜਾਬੀ ਸ਼ਾਇਰੀ ਨਾਂ ਦੀ ਪੁਸਤਕ ਵਿੱਚ ਪੰਜਾਬੀ ਕਵਿਤਾ ਨੂੰ 1947 ਤੋਂ 1997 ਤਕ ਪੰਜ ਪੜਾਵਾਂ ਵਿੱਚ ਵੰਡਿਆ ਹੈ। ਪੰਜ ਦਰਿਆ ਦਾ ਨਜ਼ਮ ਨੰਬਰ, ਗੁਲਾਮ ਮੁਸਤਫਾ ਬਿਸਮਲ ਰਚਿਤ ਮੇਲੇ ਮਿੱਤਰਾਂ ਦੇ ਅਤੇ ਸਰਫਰਾਜ਼ ਕਾਜ਼ੀ ਦੀ ਪੁਸਤਕ ਨਵੀਂ ਨਜ਼ਮ ਇਸ ਗੱਲ ਦਾ ਪ੍ਰਮਾਣ ਹਨ ਕਿ ਵਾਹਗੇ ਤੋਂ ਪਾਰ ਪੰਜਾਬੀ ਕਵਿਤਾ ਪੰਜ ਦਰਿਆਵਾਂ ਦੀ ਧਰਤੀ ਦੀਆਂ ਸੁਨਹਿਰੀ ਰਵਾਇਤਾਂ ਨੂੰ ਬਕਾਇਦਾ ਕਾਇਮ ਰਖ ਰਹੀ ਹੈ। ਹੁਣ ਤਕ ਪੰਜਾਬੀ ਸ਼ਾਇਰਾਂ/ਕਵੀਆਂ ਦੇ ਪੰਜ ਸੌ ਦੇ ਲਗਭਗ ਕਾਵਿ-ਸੰਗ੍ਰਹਿ ਛਪ ਚੁੱਕੇ ਹਨ। ਇਨ੍ਹਾਂ ਰਚਨਾਵਾਂ ਨੂੰ ਪੜ੍ਹ ਕੇ ਜਿਹੜੇ ਵਿਸ਼ੇਸ਼ ਨੁਕਤੇ ਜਾਂ ਰੁਝਾਨ ਨਜ਼ਰ ਆਉਂਦੇ ਹਨ, ਉਹ ਇਸ ਤਰ੍ਹਾਂ ਹਨ:

1. ਰਵਾਇਤੀ ਕਵਿਤਾ, 2 ਪੰਜਾਬ-ਵੰਡ ਦਾ ਪ੍ਰਭਾਵ, 3. ਡਰ, ਖੌਫ਼ ਨਾਲ ਸਬੰਧਿਤ ਪ੍ਰਤੀਕ ਵਿਧਾਨ, 4. ਇੱਕਲਾਪਾ, 5. ਲੋਕ-ਕਾਵਿ ਰੂਪਾਂ ਦੀ ਵਰਤੋਂ, 6. ਪਿਆਰ, ਰੁਮਾਂਸ ਅਤੇ ਜਿਨਸੀਅਤ, 7. ਨਾਮਾਤੀਆ ਸ਼ਾਇਰੀ, 8. ਗ਼ਰੀਬਾਂ, ਮਜ਼ਦੂਰਾਂ ਤੇ ਕਾਮਿਆਂ ਨਾਲ ਜੁੜੀ ਕਵਿਤਾ , 9. ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਹਿਸਾਸ ਵਾਲੀ ਸ਼ਾਇਰੀ।

2.1 ਸ਼ਾਇਰੀ : ਨਵੀਂ ਨਜ਼ਮ ਨਾਂ ਦੀ ਪੁਸਤਕ ਵਿੱਚ ਸ਼ਰੀਫ਼ ਕੁੰਜਾਹੀ ਤੋਂ ਲੈ ਕੇ ਇਕਬਾਲ ਸਲਾਹਉਦੀਨ ਤਕ ਜਿਨ੍ਹਾਂ 17 ਕਵੀਆਂ ਬਾਰੇ ਚਰਚਾ ਕੀਤੀ ਗਈ ਹੈ, ਉਨ੍ਹਾਂ ਵਿੱਚ ਸਰੀਫ ਕੁੰਜਾਹੀ, ਅਹਿਮਦ ਰਾਹੀ, ਮੁਨੀਰ ਨਿਆਜ਼ੀ, ਅਫ਼ਜ਼ਲ ਰੰਧਾਵਾ, ਸਫੀਆ ਅਕੀਲ, ਨਜ਼ਮ ਹੁਸੈਨ ਸੱਯਦ ਅਤੇ ਫਖਰ ਜ਼ਮਾਨ ਆਦਿ ਸ਼ਾਮਿਲ ਹਨ। ਸ਼ਰੀਫ਼ ਕੁੰਜਾਹੀ ਨੇ ਸੁਖਨਵਰ ਔਰਤਾਂ ਦੀ ਸ਼ਾਇਰੀ ਸਿਰਲੇਖ ਹੇਠ ਸਾਇਸਤਾ ਹਬੀਬ, ਕੈਸਰ ਸਦੀਕੀ, ਨਸਰੀਮ ਅੰਜਮ ਭੱਟੀ, ਸਰਵੱਤ ਮਹੀਉਦੀਨ ਸ਼ਾਹੀਨ, ਕਾਜਲ ਅਤੇ ਆਇਸ਼ਾ ਅਸਲਮ ਨੂੰ ਸ਼ਾਮਿਲ ਕੀਤਾ ਹੈ। ਇਹਨਾਂ ਵਿੱਚੋਂ  ਬਹੁਤੇ ਕਵੀਆਂ ਨੇ ਨਜ਼ਮਾਂ/ਕਵਿਤਾਵਾਂ ਦੇ ਨਾਲ-ਨਾਲ ਗਜ਼ਲਾਂ ਵੀ ਲਿਖੀਆਂ ਹਨ। ਪੰਜਾਹ ਦੇ ਲਗਭਗ ਗਜ਼ਲਾਂ ਦੇ ਸੰਗ੍ਰਹਿ ਵੀ ਪ੍ਰਕਾਸ਼ਿਤ ਹੋਏ ਹਨ। ਜਗਤਾਰ ਨੇ ਪਾਕਿਸਤਾਨੀ ਗ਼ਜ਼ਲਾਂ ਦੀ ਚੋਣ ਕਰਕੇ ਕਾਵਿ ਸੰਗ੍ਰਹਿ ਗੁਆਚੀ ਛਾਂ ਅਤੇ ਪਰਲੇ ਪਾਰ ਸੰਪਾਦਿਤ ਕਰਕੇ ਗੁਰਮੁਖੀ ਵਿੱਚ ਵੀ ਛਪਵਾਏ ਹਨ।

2.2 ਨਾਵਲ : ਅਬਦੁਲ ਮਜੀਦ ਭੱਟੀ ਦੇ ਨਾਵਲ ਠੰਡਾ (1960) ਤੋਂ ਆਰੰਭ ਕਰਕੇ ਮੁਹੰਮਦ ਮਨਸਾ ਯਾਦ ਰਚਿਤ ਟਾਂਵਾਂ ਟਾਂਵਾਂ ਤਾਰਾ (1997) ਤਕ ਲਗਭਗ 80 ਨਾਵਲ ਲਿਖੇ ਗਏ ਹਨ। ਪ੍ਰਤੀਨਿਧ ਨਾਵਲਕਾਰਾਂ ਵਿੱਚ ਅਫ਼ਜ਼ਲ ਅਹਿਸਨ ਰੰਧਾਵਾ, ਫਖਰ ਜ਼ਮਾਨ ਸਲੀਮ ਖਾਂ ਗਿੰਮੀ, ਅਹਿਮਦ ਸਲੀਮ, ਫਰਜੰਦ ਅਲੀ, ਮੁਸਤਨਸਰ ਹੁਸੈਨ ਤਾਰੜ, ਅਹਿਸਾਨ ਬਟਾਲਵੀ ਅਤੇ ਮਨਸ਼ਾ ਯਾਦ ਦੇ ਨਾਂ ਲਏ ਜਾ ਸਕਦੇ ਹਨ। ਇਨ੍ਹਾਂ ਨਾਵਲਾਂ ਵਿੱਚੋਂ ਕੁਝ ਇਕ ਵਿੱਚ ਪੰਜਾਬ ਦੀ ਵੰਡ ਦਾ ਜ਼ਿਕਰ ਹੈ। ਕਵਿਤਾ ਵਾਂਗ ਨਾਵਲਾਂ ਦਾ ਪ੍ਰਤੀਕ ਵਿਧਾਨ ਵੀ ਵੇਖਣ ਯੋਗ ਹੈ। ਇਨ੍ਹਾਂ ਨਾਵਲਾਂ ਵਿੱਚ ਪਾਕਿਸਤਾਨੀ ਸਮਾਜ ਵਿੱਚ ਔਰਤਾਂ ਦੇ ਯੋਗ ਸਥਾਨ ਦਿੱਤੇ ਜਾਣ ਦੀ ਗੱਲ ਵੀ ਕੀਤੀ ਗਈ ਹੈ। ਲਿਖੇ ਗਏ ਬਹੁਤੇ ਨਾਵਲਾਂ ਨੂੰ ਲੰਮੀਆਂ ਕਹਾਣੀਆਂ ਜਾਂ ਨਾਵਲੈਟ ਕਿਹਾ ਜਾ ਸਕਦਾ ਹੈ। ਗਿਣਤੀ ਦੇ ਕੁਝ ਇਕ ਨਾਵਲਾ ਨੂੰ ਛੱਡ ਕੇ ਪਾਕਿਸਤਾਨੀ ਨਾਵਲ ਦੀ ਹਾਲਤ ਬਹੁਤ ਤਸੱਲੀਬਖਸ਼ ਨਹੀਂ ਹੈ।

2.3 ਕਹਾਣੀ : ਨਾਵਲ ਦੇ ਟਾਕਰੇ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਵਧੇਰੇ ਵਿਕਾਸ ਹੋਇਆ ਹੈ। 150 ਤੋਂ ਉੱਪਰ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਕਹਾਣੀਕਾਰਾਂ ਦੀ ਗਿਣਤੀ ਵੀ ਸੌ ਤੋਂ ਉੱਪਰ ਹੈ। ਭਾਵੇਂ ਬਹੁਤੀਆਂ ਕਹਾਣੀਆਂ ਰਵਾਇਤੀ ਰੰਗਣ ਦੀਆਂ ਹਨ, ਪਰੰਤੂ ਅਫ਼ਜ਼ਲ ਰੰਧਾਵਾ, ਮੁਹੰਮਦ ਮਨਸਾ ਯਾਦ, ਹਨੀਫ਼ ਚੌਧਰੀ, ਅਨਵਰ ਅਲੀ, ਅਕਬਰ ਲਾਹੌਰੀ, ਸੁਜਾਦ ਹੈਦਰ, ਇਲਿਆਸ ਘੁੰਮਣ, ਅਫ਼ਜ਼ਲ ਤੌਸੀਫ, ਕਹਿਕਸਾ ਮਲਿਕ, ਹਨੀਫ ਬਾਵਾ, ਹੁਸੈਨ ਸਾਹਿਦ, ਕੰਵਲ ਮੁਸਤਾਕ ਆਦਿ ਨੇ ਚੰਗੀਆਂ ਕਹਾਣੀਆਂ ਲਿਖੀਆਂ ਹਨ। ਨਾਵਲਾਂ ਵਾਂਗ ਬਹੁਤੀਆਂ ਕਹਾਣੀਆਂ ਸਮਾਜਿਕ, ਸਭਿਆਚਾਰਕ, ਇਤਿਹਾਸਕ ਅਤੇ ਆਰਥਿਕ ਸਮੱਸਿਆਵਾਂ ਨਾਲ ਜੁੜੀਆਂ ਹੋਈਆਂ ਹਨ। ਵਡੇਰਾ ਭਾਗ ਪੰਜਾਬ ਦੀ ਪੇਂਡੂ ਰਹਿਤਲ ਨਾਲ ਸੰਬੰਧਿਤ ਹੈ। ਕੁਝ ਕਹਾਣੀਆਂ ਪੰਜਾਬ ਦੀ ਵੰਡ ਦੇ ਮਸਲਿਆਂ ਨਾਲ ਜੁੜੀਆਂ ਹੋਈਆਂ ਹਨ। ਨਾਵਲ ਤੇ ਕਵਿਤਾ ਵਾਂਗ ਇਨ੍ਹਾਂ ਕਹਾਣੀਆ ਦਾ ਵਿਸ਼ੇਸ਼ ਪਹਿਲੂ ਵਰਤੀ ਗਈ ਪ੍ਰਤੀਕਾਤਮਕ ਸ਼ੈਲੀ ਹੈ। ਪਾਕਿਸਤਾਨੀ ਪੰਜਾਬੀ ਕਹਾਣੀ ਫਿਲਹਾਲ ਤਜ਼ਰਬਿਆਂ ਵਿੱਚੋਂ ਲੰਘ ਰਹੀ ਹੈ।

2.4 ਨਾਟਕ : ਪਾਕਿਸਤਾਨੀ ਪੰਜਾਬੀ ਨਾਟਕ ਨੂੰ ਸਟੇਜੀ ਨਾਟਕ, ਰੇਡੀਓ ਡਰਾਮੇ ਅਤੇ ਟੈਲੀਵਿਜ਼ਨ ਸੀਰੀਅਲ/ਨਾਟਕ ਸ੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ। ਇਕ ਦਰਜਨ ਦੇ ਲਗਭਗ ਸਟੇਜ ਨਾਲ ਸੰਬੰਧਿਤ ਜਿਹੜੇ ਨਾਟਕ ਪੁਸਤਕ ਰੂਪ ਵਿੱਚ ਛਪ ਕੇ ਪਾਠਕਾਂ ਤਕ ਪੁੱਜੇ ਹਨ, ਉਨ੍ਹਾਂ ਵਿੱਚੋਂ ਤੂੰ ਕੌਣ ਸੱਕ ਸੁਬੇ ਦਾ ਵੇਲਾ, ਸਰਮਦ ਸਹਿਬਾਈ, ਮੁੱਸਲੀ, ਕੁਕਨਸ, ਮੇਜਰ ਇਸਹਾਕ ਮੁਹੰਮਦ, ਤਖਤ ਲਾਹੌਰ, ਨਜਮ ਹੁਸੈਨ ਸੱਯਦ, ਕਿੱਸਾ ਦੋ ਭਰਾਵਾਂ ਦਾ, ਮੁਨੀਰ ਨਿਆਜੀ ਅਤੇ ਖਸਮਾਂ ਖਾਣੀਆਂ, ਸਾਹਦ ਨਦੀਮ ਖਾਸ ਵਰਣਨ ਯੋਗ ਹਨ। ਸਟੇਜੀ ਨਾਟਕ ਭਾਵੇਂ ਬਹੁਤ ਘੱਟ ਲਿਖੇ ਗਏ ਹਨ, ਪਰ ਇਨ੍ਹਾਂ ਵਿੱਚੋਂ ਕੁਝ ਸਫਲਤਾ ਨਾਲ ਸਟੇਜ ਉੱਪਰ ਖੇਡੇ ਗਏ ਹਨ।

2.5 ਲੇਖ/ਨਿਬੰਧ : ਪਾਕਿਸਤਾਨ ਵਿੱਚ ਟਕਸਾਲੀ ਪੰਜਾਬੀ ਦਾ ਪੂਰੀ ਤਰ੍ਹਾਂ ਠੁੱਕ ਨਹੀਂ ਬੱਝਾ, ਇਸ ਲਈ ਸਾਹਿਤਿਕ ਵਾਰਤਕ ਮੂਲੋਂ ਹੀ ਆਪਣੇ ਮੁੱਢਲੇ ਪੜਾਅ 'ਤੇ ਹੈ। ਪੰਜਾਬੀ ਅਤੇ ਸਰਾਇਕੀ ਵਿੱਚ ਲਿਖੀਆਂ ਗਈਆਂ ਲੇਖਾਂ ਦੀਆਂ ਕੁਲ 20 ਪੁਸਤਕਾਂ ਹੀ ਛਪੀਆਂ ਹਨ। ਫਿਲਹਾਲ ਇਕ ਵੀ ਪ੍ਰਤੀਨਿਧ ਸ਼ੈਲੀਕਾਰ ਨਜ਼ਰ ਨਹੀਂ ਆਇਆ। ਸਵਰਨਾਮਿਆਂ ਦੀਆਂ ਕੇਵਲ ਤਿੰਨ ਪੁਸਤਕਾਂ ਹੀ ਲਿਖੀਆਂ ਗਈਆਂ ਹਨ - ਯੂਰਪ ਤੋਂ ਚਿਉਂਗਮ ਦੇ ਨਾਲ (ਇਜਾਜ਼ੁਲ ਹੱਕ), ਦੇਸ ਪ੍ਰਦੇਸ (ਸਲੀਮ ਖਾ ਗਿਮੀ) ਅਤੇ ਮੇਰੀਆਂ ਭਾਰਤ ਫੇਰੀਆਂ (ਸ਼ਹਿਬਾਜ ਮਲਿਕ) । ਜੀਵਨੀਆਂ/ਸਵੈ-ਜੀਵਨੀਆਂ ਦੀ ਲੜੀ ਵਿੱਚ ਅਫ਼ਜ਼ਲ ਤੌਸੀਫ਼ ਦੀ ਲਿਖੀ ਹੋਈ ਆਪ ਬੀਤੀ ਮਨ ਦੀਆਂ ਬਸਤੀਆਂ ਹੀ ਜ਼ਿਕਰਯੋਗ ਹੈ। ਅਨਵਰ ਅਲੀ ਦੀ ਰਚਨਾ ਗਵਾਚੀਆਂ ਗੱਲਾਂ ਨੂੰ ਵੀ ਜੀਵਨੀਆ ਦੀ ਸ੍ਰੇਣੀ ਵਿੱਚ ਵਿਚਾਰਿਆ ਜਾ ਸਕਦਾ ਹੈ। ਸੈਫੁਲ ਰਹਿਮਾਨ ਡਾਰ ਦੀ ਪੁਸਤਕ ਟੈਕਸਲਾ ਅਤੇ ਅਬਦੁਲ ਗਫੂਰ ਦਰਸ਼ਨ ਦੀ ਰਚਨਾ ਨਖਾਸ ਨੂੰ ਵਾਕਫ਼ੀ ਭਰਪੂਰ ਵਾਰਤਕ ਵਜੋਂ ਵੇਖ ਸਕਦੇ ਹਾਂ। ਅਸਲ ਵਿੱਚ ਕਿਸੇ ਵੀ ਭਾਸ਼ਾ ਵਿੱਚ ਵਾਰਤਕ ਦਾ ਵਿਕਾਸ ਪੱਤਰਕਾਰੀ ਉੱਤੇ ਨਿਰਭਰ ਕਰਦਾ ਹੈ, ਪਰ ਪਾਕਿਸਤਾਨ ਵਿੱਚ ਪੰਜਾਬੀ ਪੱਤਰਕਾਰੀ ਦੀ ਹਾਲਤ ਕਾਫੀ ਪਤਲੀ ਹੈ।

2.6 ਆਲੋਚਨਾ : ਪਾਕਿਸਤਾਨ ਵਿੱਚ ਪੰਜਾਬੀ ਆਲੋਚਨਾ ਤੇ ਖੋਜ ਸੰਬੰਧੀ ਜਿਹੜਾ ਕਾਰਜ ਹੋਇਆ ਹੈ, ਉਸ ਵਿੱਚ ਲਗਭਗ ਇਕ ਦਰਜਨ ਪੁਸਤਕਾਂ ਸਾਹਿਤ ਦੀ ਇਤਿਹਾਸਕਾਰੀ ਬਾਰੇ ਹਨ, ਜਿਨ੍ਹਾਂ ਵਿਚ ਇਨਾਮੁਲ ਹੱਕ ਜਾਵੇਦ ਦੀ

ਪੁਸਤਕ ਪੰਜਾਬੀ ਅਦਬ ਦਾ ਇਰਤਕਾ (1947-88) ਨੂੰ ਛੱਡ ਕੇ ਬਾਕੀ ਜਾਂ ਤਾਂ ਤਜ਼ਕਰੇ ਹਨ ਜਾਂ ਉਨ੍ਹਾਂ ਨੂੰ ਪੜ੍ਹ ਕੇ ਕੁਝ ਸਮੱਸਿਆਵਾਂ ਦਿਸ ਆਉਂਦੀਆਂ ਹਨ। ਆਲੋਚਨਾ ਦੇ ਖੇਤਰ ਵਿੱਚ ਵੀ ਸੱਯਦ ਨਜ਼ਮ ਹੁਸੈਨ ਸੱਯਦ ਦੀਆਂ ਅੱਧੀ ਦਰਜਨ ਪੁਸਤਕਾਂ ਨੂੰ ਛੱਡ ਕੇ ਬਾਕੀ ਰਚਨਾਵਾਂ ਆਲੋਚਨਾ ਦੇ ਮਿਆਰ 'ਤੇ ਪੂਰੀਆਂ ਨਹੀਂ ਉਤਰਦੀਆਂ। ਖੋਜ ਅਤੇ ਆਲੋਚਨਾ ਦੀਆਂ ਬਹੁਤੀਆਂ ਪੁਸਤਕਾਂ ਐਮ.ਏ. ਦੇ ਵਿਦਿਆਰਥੀਆਂ ਦੀਆਂ ਇਮਤਿਹਾਨੀ ਲੋੜਾਂ ਪੂਰੀਆਂ ਕਰਨ ਲਈ ਲਿਖੀਆਂ ਗਈਆਂ ਹਨ। ਪੰਜਾਬੀ ਲੋਕ ਸਾਹਿਤ ਦੀ ਖੋਜ ਤੇ ਸੰਭਾਲ ਬਾਰੇ ਹੋਇਆ ਕਾਰਜ ਪ੍ਰਸ਼ੰਸਾਯੋਗ ਹੈ। ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੁਆਰਾ ਪ੍ਰਕਾਸ਼ਿਤ ਹੋ ਰਹੇ ਛਿਮਾਹੀ ਰਸਾਲਾ 'ਖੋਜ' ਨੇ ਵੀ ਇਤਿਹਾਸਕ ਖੋਜ ਦੇ ਖੇਤਰ ਵਿੱਚ ਮੁੱਲਵਾਨ ਕਾਰਜ ਕੀਤਾ ਹੈ।

## ਯੂਨਿਟ- 3

### ਆਧੁਨਿਕ ਪਾਕਿਸਤਾਨੀ ਪੰਜਾਬੀ ਕਵਿਤਾ ਦੀਆਂ ਪ੍ਰਮੁੱਖ ਪ੍ਰਵਿਰਤੀਆਂ/ ਝੁਕਾਵਾਂ/ ਵੰਨਗੀਆਂ ਨਾਲ ਜਾਣ ਪਛਾਣ ਕਰਵਾਓ

ਪਾਕਿਸਤਾਨੀ ਪੰਜਾਬੀ ਕਵਿਤਾ ਦੀਆਂ ਮੁੱਖ ਪ੍ਰਵਿਰਤੀਆਂ ਦਾ ਵਿਵੇਚਨ ਕਰੋ।

ਉੱਤਰ : ਪਾਕਿਸਤਾਨ ਵਿੱਚ ਰਚਿਆ ਪੰਜਾਬੀ ਕਾਵਿ ਵੀ ਕਿਸੇ ਇਕ ਧਾਰਾ ਵਿੱਚ ਨਹੀਂ ਬੱਝ ਕੇ ਨਹੀਂ ਵਹਿ ਰਿਹਾ, ਸਗੋਂ ਇਸ ਵਿੱਚ ਕਈ ਧਾਰਾਵਾਂ ਵਹਿੰਦੀਆਂ ਵਿਖਾਈ ਦਿੰਦੀਆਂ ਹਨ। ਭਾਰਤੀ ਪੰਜਾਬ ਵਿੱਚ ਕਵਿਤਾ ਨੂੰ ਸਮਕਾਲੀ ਸਮੇਂ ਦੀਆਂ ਵਿਚਾਰਧਾਰਾਵਾਂ ਦੇ ਅਨੁਸਾਰ ਵੱਖ ਵਖ ਧਾਰਨਾਵਾਂ ਜਾਂ ਪ੍ਰਵਿਰਤੀਆਂ ਵਿੱਚ ਵੰਡ ਕੇ ਵੇਖਣ ਦਾ ਰਿਵਾਜ ਹੈ। ਸ਼ੁਰੂ ਤੋਂ ਲੈ ਕੇ ਹੁਣ ਤੱਕ ਪੰਜਾਬੀ ਕਵਿਤਾ ਨੂੰ ਦੇਸ਼ ਵੰਡ ਨਾਲ ਸੰਬੰਧਿਤ ਕਵਿਤਾ, ਪ੍ਰਗਤੀਵਾਦੀ ਕਵਿਤਾ, ਪ੍ਰਯੋਗਸ਼ੀਲ ਕਵਿਤਾ, ਨਕਸਲਬਾੜੀ ਦੌਰ ਦੀ ਜੁਝਾਰਵਾਦੀ ਕਵਿਤਾ. ਪੰਜਾਬ ਸੰਕਟ ਦੀ ਕਵਿਤਾ ਅਤੇ ਸਮਕਾਲੀ ਸਮੇਂ ਦੀ ਕਵਿਤਾ ਆਦਿ ਵਿਚ ਵੰਡ ਕੇ ਵੇਖਣ ਦਾ ਰਿਵਾਜ ਹੈ। ਆਮ ਕਰਕੇ ਸਾਹਿਤ ਦੇ ਇਤਿਹਾਸਾ ਦੀਆਂ ਪੁਸਤਕਾਂ ਵਿਚ ਕਵੀਆਂ ਅਤੇ ਉਹਨਾਂ ਦੀਆਂ ਕਿਤਾਬਾਂ ਅਤੇ ਚੋਣਵੀਆਂ ਕਵਿਤਾਵਾਂ ਦੇ ਹਵਾਲੇ ਨਾਲ ਲਹਿਰ ਦਾ ਸਬੰਧ ਜੋੜਿਆ ਜਾਂਦਾ ਹੈ। ਪਾਕਿਸਤਾਨੀ ਦੀ ਸਾਹਿਤ ਇਤਿਹਾਸਕਾਰੀ ਵਿਚ ਜ਼ਿਆਦਾ ਜ਼ੋਰ ਤਜ਼ਕਰਾਨਿਗਾਰੀ ਉਤੇ ਹੈ ਜਿਸ ਵਿਚ ਸਾਹਿਤਕਾਰ ਦੇ ਜੀਵਨ, ਪੁਸਤਕਾਂ ਅਤੇ ਕਵਿਤਾਵਾਂ ਦਾ ਵੇਰਵਾ ਦਰਜ ਹੁੰਦਾ ਹੈ ਪਰੰਤੂ ਉਸ ਨੂੰ ਕਿਸੇ ਨਿਰੰਤਰ ਵਿਚਾਰਧਾਰਕ ਪ੍ਰਵਾਹ ਨਾਲ ਬਹੁਤ ਘੱਟ ਜੋੜਿਆ ਜਾਂਦਾ ਹੈ। ਰਿਆਜ਼ ਅਹਿਮਦ ਸ਼ਾਦ ਪਾਕਿਸਤਾਨੀ ਪੰਜਾਬੀ ਕਵਿਤਾ : ਇਕ ਝਾਤ ਲੇਖ ਵਿਚ ਪਾਕਿਸਤਾਨੀ ਪੰਜਾਬੀ ਕਵਿਤਾ ਨੂੰ ਤਿੰਨ ਦੌਰਾਂ ਵਿਚ ਵੰਡਦਾ ਹੈ। ਪਹਿਲਾ ਦੌਰ ਉਹ ਦਸ ਸਾਲ (1947 ਤੋਂ 1957) ਦਾ ਮੰਨਦਾ ਹੈ ਜਿਸ ਵਿਚ ਪੁਰਾਣੀ ਬੈਂਤ ਬਾਜ਼ੀ ਦੇ ਨਾਲੋ ਨਾਲ ਨਵੀਂ ਕਵਿਤਾ ਆਪਣਾ ਮੁਹਾਂਦਰਾ ਨਿਖੇਰਨਾ ਸ਼ੁਰੂ ਕਰਦੀ ਹੈ। ਦੂਜਾ ਦੌਰ ਉਹ 1957 ਤੋਂ 1972 ਤਕ ਦਾ ਮੰਨਦਾ ਹੈ ਜਿਸ ਵਿਚ ਕਈ ਉਰਦੂ ਸ਼ਾਇਰ ਵੀ ਪੰਜਾਬੀ ਵੱਲ ਪਰਤਦੇ ਹਨ। ਤੀਜਾ ਦੌਰ ਉਹ 1972 ਤੋਂ ਹੁਣ ਤਕ ਦੀ ਕਵਿਤਾ ਨੂੰ ਸਮਝਦਾ ਹੈ। ਇਸੇ ਤਰ੍ਹਾਂ ਡਾ. ਜਗਤਾਰ ਜਿਸ ਨੇ ਪਾਕਿਸਤਾਨੀ ਪੰਜਾਬੀ ਸਾਹਿਤ ਦੇ ਵਿਸ਼ੇ ਉੱਤੇ ਪੀ.ਐਚ.ਡੀ. ਦਾ ਖੋਜ ਕਾਰਜ ਕੀਤਾ ਹੈ। ਉਸਨੇ ਪਾਕਿਸਤਾਨੀ ਪੰਜਾਬੀ ਕਵਿਤਾ ਦੀ  ਵੰਡ ਇਸ ਤਰ੍ਹਾਂ ਕੀਤੀ ਹੈ - 1) ਤੱਤਕਾਲੀਨ ਕਾਵਿ (2) ਪਰੰਪਰਾਵਾਦੀ ਕਾਵਿ, (3) ਪ੍ਰਗਤੀਸ਼ੀਲ ਕਾਵਿ, (4) ਫਰਾਇਡਵਾਦੀ ਕਾਵਿ, (5) ਅਰਧ-ਆਧੁਨਿਕ ਕਾਵਿ (6) ਆਧੁਨਿਕ ਕਾਵਿ।

ਸੁਰਿੰਦਰ ਸਿੰਘ ਨਰੂਲਾ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਉਪਰ ਕੰਮ ਕੀਤਾ ਹੈ ਉਸਨੇ ਪਾਕਿਸਤਾਨੀ ਪੰਜਾਬੀ ਕਵਿਤਾ ਦੀ ਇੰਟਰੀ ਵਾਲੇ ਭਾਗ ਵਿੱਚ ਇਸਨੂੰ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ; ਪੁਰਾਣਾ ਜੁੱਟ : ਇਸ ਵਿੱਚ ਮੌਲਾ ਬਖਸ਼ ਕੁਸ਼ਤਾ ਫ਼ਿਰੋਜ਼ਦੀਨ ਸ਼ਰਫ਼, ਡਾ. ਫਕੀਰ ਮੁਹੰਮਦ, ਜੋਸ਼ੂਆ ਫ਼ਜ਼ਲਦੀਨ ਆਦਿ।

ਉਰਦੂ ਤੋਂ ਆਏ ਨਵੇਂ ਸਾਹਿਤਕਾਰਾਂ ਦਾ ਧੜਾ: ਇਸ ਧੜੇ ਵਿੱਚ ਮੌਲਾਨਾ ਅਬਦੁੱਲ ਮਜ਼ੀਦ ਸ਼ਾਲਕ, ਅਬਦੁੱਲ ਮਜੀਦ ਭੱਟੀ, ਸੂਫ਼ੀ ਗੁਲਾਮ ਮੁਸਤਫਾ ਤਬੱਸੁਮ ਮਜ਼ੀਦ ਲਾਹੌਰੀ ਹਰੀਜ਼ ਹੁਸ਼ਿਆਰਪੁਰੀ, ਨਵਾਬਜ਼ਾਦਾ ਮਹਿੰਦੀ ਅਲੀ ਖਾਂ

ਆਦਿ ਹਨ । ਇਹ ਪਾਕਿਸਤਾਨ ਦੇ ਵਿਚਕਾਰਲੇ ਬੁੱਧੀਜੀਵੀਆਂ/ ਕਵੀਆਂ ਦਾ ਧੜਾ ਹੈ। ਇਹ ਲੋਕ ਪੰਜਾਬੀ ਮਾਂ ਬੋਲੀ ਪ੍ਰਤੀ ਮੋਹ ਰਖਦੇ ਸਨ ਅਤੇ ਇਸਦੀ ਬਿਹਤਰ ਸਥਿਤੀ ਲਈ ਸੁਹਿਰਦ ਸਨ। ਇਹ ਮਹਿਸੂਸ ਕਰਨ ਲਗ ਪਏ ਸਨ ਕਿ ਪੰਜਾਬੀ ਨੂੰ ਮਾਂ ਬੋਲੀ ਵਜੋਂ ਉਸ ਦਾ ਹੱਕ ਮਿਲਣਾ ਹੀ ਚਾਹੀਦਾ ਹੈ।

ਅਗਾਂਹਵਧੂ ਸਾਹਿਤਕਾਰ : ਚੇਤਨ ਅਗਾਂਹਵਧੂ ਸਾਹਿਤਕਾਰਾਂ ਦਾ ਧੜਾ ਜਿਹੜੇ ਕਿ ਸਮੇਂ ਦੀ ਨਬਜ਼ ਨੂੰ ਪਹਿਚਾਣ ਕੇ ਚੇਤਨ ਰੂਪ ਵਿੱਚ ਪੰਜਾਬੀ ਨੂੰ ਅਪਣਾ ਰਹੇ ਸਨ। ਅਸ਼ਫਾਕ ਸਰਵਰ ਅਨੁਸਾਰ ਵੰਡ ਤੋਂ ਮਗਰੋਂ ਦੀ ਸਾਡੀ ਪੰਜਾਬੀ ਸ਼ਾਇਰੀ ਵਿੱਚ

ਅਖਲਾਕੀ ਤੇ ਸਮਾਜੀ ਮਸਲਿਆਂ ਦਾ ਜ਼ਿਕਰ ਚੰਗਾ ਚੋਖਾ ਮਿਲਦਾ ਹੈ ਤੇ ਇਹਦੇ ਨਾਲ-ਨਾਲ ਸਾਡੇ ਸ਼ਾਇਰਾਂ ਦੇ ਪੁਜ਼ੀਸ਼ਨ ਦੇ ਬਾਰੇ ਨਵੇਂ-ਨਵੇਂ

ਤਜ਼ਰਬਿਆਂ ਦਾ ਪਤਾ ਵੀ ਲਗਦਾ ਹੈ। ਅਹਿਮਦ ਰਾਹੀ, ਸ਼ਰੀਫ਼ ਕੁੰਜਾਹੀ, ਨੂਰ ਕਸ਼ਮੀਰੀ, ਸ਼ਾਹੀਨ ਮਲਕ ਆਦਿ ਇਸ ਧੜੇ ਦੇ ਸਿਰਕੱਢ ਲੇਖਕ ਹਨ, ਪਿੱਛੋਂ ਫਖਰ ਜ਼ਮਾਨ ਅਤੇ ਅਫਜ਼ਲ ਅਹਿਸਨ ਰੰਧਾਵਾ ਇਸ ਧੜੇ ਦੇ ਮੋਹਰੀ ਕਵੀ ਅਤੇ ਗੱਦ ਲੇਖਕ ਹੋ ਨਿਬੜੇ।

ਇਸ ਦੌਰ ਦੀ ਪਾਕਿਸਤਾਨੀ ਪੰਜਾਬੀ ਕਵਿਤਾ ਵਿੱਚ ਤਿੰਨ ਪ੍ਰਮੁੱਖ ਰੁਝਾਨ ਅਤੇ ਭਾਵ ਮਿਲਦੇ ਹਨ:

1. ਅਜ਼ਾਦੀ ਮਿਲਣ ਦੀ ਖੁਸ਼ੀ
2. ਫਿਰਕੂ ਕਤਲੋਗਾਰਤ ਕਾਰਨ ਉਦਾਸੀ ਤੇ ਬੇਬਸੀ
3. ਮਾਤ ਭੂਮੀ ਪ੍ਰਤੀ ਉਦਰੇਵਾਂ ਅਤੇ ਯਾਦਾਂ

**3.1 ਪਾਕਿਸਤਾਨੀ ਪੰਜਾਬੀ ਕਵਿਤਾ ਦੀਆਂ ਪ੍ਰਵਿਰਤੀਆਂ** :

ਦੇਸ਼ ਵੰਡ ਨਾਲ ਸਬੰਧਿਤ ਕਵਿਤਾ: ਪਾਕਿਸਤਾਨ ਬਣਨ ਪਿੱਛੋਂ ਜਦੋਂ ਸੰਵੇਦਨਾਸ਼ੀਲ ਲੇਖਕਾਂ ਨੇ ਇਹ ਮਹਿਸੂਸ ਕੀਤਾ ਕਿ ਆਜ਼ਾਦੀ ਦੇ ਨਾਂ ਤੇ ਅਸੀਂ ਆਪਣਾ ਬਹੁਤ ਕੁਝ ਗਵਾ ਲਿਆ ਹੈ ਦਾ ਉਹਨਾਂ ਦੇ ਦਿਲ ਦੀ ਵੇਦਨਾ ਕਾਵਿ ਪ੍ਰਵਚਨ ਰਾਹੀਂ ਵਿਅਕਤ ਹੋਈ। ਹਕੀਮ ਨਾਸਿਰ ਲਿਖਦੇ ਹਨ:

ਪਾਕਿਸਤਾਨ ਜਦ ਵੱਖਰਾ ਕਿਹਾ ਅਸਾਂ,

ਸਾਰੇ ਜੱਗ ਵਾਲੇ ਸਾਡੇ ਵੈਰ ਹੋ ਗਏ

ਭਲਾ ਗ਼ੈਰ ਤੇ ਫੇਰ ਵੀ ਗ਼ੈਰ ਹੋ ਗਏ,

ਸਾਡੇ ਆਪਣੇ ਵੀ ਕਈ ਗ਼ੈਰ ਹੋ ਗਏ,

ਅਕਲ ਨਾਲ ਬਾਲੇ ਪਾਕਿਸਤਾਨ ਲਿਆ

ਤੇ ਮੁਖ਼ਾਲਫਤਾਂ ਦੇ ਟੱਟੂ ਟੈਰ ਹੋ ਗਏ

ਦੁਨੀਆਂ ਵਿਚ ਨਾਸਿਰ ਸਾਡੇ ਦੁਸ਼ਮਣਾਂ ਦਾ

ਮੂੰਹ ਕਾਲਾ,ਤੇ ਨੀਲੇ ਪੈਰ ਹੋ ਗਏ

ਪਾਕਿਸਤਾਨ ਬਣਨ ਦੀ ਸਿਰਫ ਖੁਸ਼ੀ ਹੀ ਹੋਵੇ, ਅਜਿਹਾ ਨਹੀਂ ਸੀ ਸਗੋਂ ਦੋਹਾਂ ਪੰਜਾਬਾਂ ਦੇ ਸ਼ਾਇਰਾਂ ਨੇ ਫਿਰਕੂ ਕਤਲੋਗਾਰਦ ਕਾਰਨ ਮੱਚੀ ਅੰਨ੍ਹੀ ਹਨੇਰੀ ਨੂੰ ਭੰਡਿਆ ਅਤੇ ਉਦਾਸੀ ਦੇ ਭਾਵਾਂ ਨੂੰ ਪਰਗਟ ਕੀਤਾ। ਅੰਮ੍ਰਿਤਾ ਪ੍ਰੀਤਮ ਦੀ ਪ੍ਰਸਿੱਧ ਨਜ਼ਮ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਇਕ ਤਰ੍ਹਾਂ ਨਾਲ ਦੇਸ਼ ਵੰਡ ਦੇ ਦੁਖਾਂਤ ਦਾ ਮਰਸੀਆ ਕਿਹਾ ਜਾ ਸਕਦਾ ਹੈ। ਬਿਲਕੁਲ ਇਸੇ ਤਰ੍ਹਾਂ ਦੇ ਭਾਵ ਨੂੰ ਹੀ **ਅਹਿਮਦ ਰਾਹੀ** ਇੰਜ ਪਰਗਟ ਕਰਦਾ ਹੈ :

ਨਾ ਹੱਥਾਂ ਨੂੰ ਮਹਿੰਦੀਆਂ ਲਾਈਆਂ,

ਨਾ ਸ਼ਗਨਾਂ ਦੇ ਗਾਨੇ,

ਨਾ ਸੱਸਾਂ ਨੇ ਡੋਲੀਆਂ ਪਾਈਆਂ,

ਨਾ ਭਰਜਾਈਆਂ ਨੇ ਸੁਰਮੇ ਪਾਏ,

ਨਾ ਕੋਈ ਸੇਹਰਿਆਂ ਵਾਲਾ ਆਇਆ,

ਨਾ ਡੋਲੀ ਵੀਰਾਂ ਟੋਰੀ,

ਜਿਸ ਦੇ ਹੱਥ ਜਿਹਦੀ ਬਾਂਹ ਆਈ,

ਲੈ ਗਏ ਜੋਰ ਵੇ ਜੋਰੀ ।

ਚਾਰ ਚੁਫੇਰੇ ਨਾਗ ਸ਼ੂਕਦੇ

ਲੱਖਾਂ ਹੰਝੂ ਪਏ ਕੂਕਦੇ

ਕੋਈ ਨਾ ਸੁਣਦਾ ਹਾੜੇ

ਹੱਥੀਂ ਜਿਨ੍ਹਾਂ ਨੇ ਅੱਗਾਂ ਲਾਈਆਂ

ਮਹਿਲ ਮਾੜੀਆਂ ਵਾਲੇ

ਇਸੇ ਤਰ੍ਹਾਂ ਦੇਸ਼ ਵੰਡ ਦੀ ਇਸ ਅਮੁੱਕ ਪੀੜ ਨੂੰ **ਬਾਬੂ ਰਜ਼ਬ ਅਲੀ** ਪੇਸ਼ ਕਰਦਾ ਹੈ। ਉਹ ਏਧਰਲੇ ਪੰਜਾਬ ਵਿੱਚ ਫਰੀਦਕੋਟ ਜ਼ਿਲ੍ਹੇ ਦੇ ਆਪਣੇ ਜੱਦੀ ਪਿੰਡ ਸਾਹੋ ਨੂੰ ਵਤਨ ਵਜੋਂ ਕੂਕਦਾ ਹੈ :

ਨੰਗ, ਕੰਗਲਾ, ਹਰੀਜਨ ਹੋ, ਭਾਮੇਂ ਸਰਦਾਰ ਘਰ ਹੋ ਰੈਸੀ

ਪਤਾ ਲਗਦਾ ਉਜੜ ਕੇ ਤੇ, ਨਹੀਂ ਚੀਜ਼ ਪਿਆਰੀ ਦੇਸ਼ ਦੇ ਜੈਸੀ

ਬੰਨ੍ਹ ਟੁੱਟ ਗਿਆ ਸਬਰ ਦਾ ਜੀ, ਗ਼ਮਾਂ ਦੀ ਨਹਿਰ ਚੜ੍ਹਗੀਆਂ ਕਾਂਗਾਂ

ਮੈਨੂੰ ਉਠਦੇ ਬੈਠਦੇ ਨੂੰ, ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ

ਮੋਲਾ ਬਖ਼ਸ਼ ਕੁਸ਼ਤਾ ਲਿਖਦਾ ਹੈ :

ਨਾ ਆ ਸਕਦੇ ਨੇ ਓਹ ਏਥੇ

ਨਾ ਜਾ ਸਕਦਾ ਹਾਂ ਮੈਂ ਉਥੇ

ਖੁਦਾਵੰਦਾ ਸਾਡੇ ਵਿਚ ਹੀ ਪਾੜਾ ਪੈ ਗਿਆ ਕਿਉਂ ਏਂ

ਪਾਕਿਸਤਾਨ ਬਣਨ ਪਿੱਛੋਂ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਬੋਲੀ ਪ੍ਰਤੀ ਮੋਹ ਦਾ ਜਾਗਣਾ ਕੁਦਰਤੀ ਗੱਲ ਸੀ। ਡਾ. ਅਤਰ ਸਿੰਘ ਦੇ ਸ਼ਬਦਾਂ ਵਿੱਚ, 'ਪਾਕਿਸਤਾਨ ਬਣਨ ਤੋਂ ਚਾਰ ਸਾਲ ਹੀ ਪਿੱਛੋਂ ਪਾਕਿਸਤਾਨੀ ਪੰਜਾਬੀਆਂ ਨੂੰ ਪੰਜਾਬੀ ਬੋਲੀ ਦਾ ਦਰਦ ਮਹਿਸੂਸ ਹੋਣ ਲਗ ਪਿਆ ਸੀ। ਇਸੇ ਮੋਹ ਸਦਕੇ ਪੰਜਾਬੀ ਵਿੱਚ ਕਵਿਤਾ ਲਿਖੀ ਜਾਣ ਲਗ ਪਈ। ਆਰੰਭ ਵਿੱਚ ਪਰੰਪਰਾਵਾਦੀ ਕਵਿਤਾ ਲਿਖੀ ਗਈ। ਪੁਰਾਣੇ ਸਾਹਿਤਕਾਰਾਂ ਵਿੱਚ ਮੌਲਾ ਬਖ਼ਸ਼ ਕੁਸ਼ਤਾ ਫੀਰੋਜ਼ਦੀਨ ਸ਼ਰਫ, ਡਾ. ਫ਼ਕੀਰ ਮੁਹੰਮਦ, ਮੌਜ਼ੂਆ ਫਜਲਦੀਨ ਆਦਿ ਸ਼ਾਮਿਲ ਹਨ। ਪ੍ਰਮੁੱਖ ਕਵੀ ਜਿਨ੍ਹਾਂ ਨੇ ਇਸ ਵੰਨਗੀ ਦੀ ਕਵਿਤਾ ਲਿਖੀ ਉਨ੍ਹਾਂ ਵਿੱਚੋਂ ਪਹਿਲਾ ਨਾਂ ਡਾ. ਫ਼ਕੀਰ ਮੁਹੰਮਦ ਦਾ ਆਉਂਦਾ ਹੈ। ਉਸ ਦੇ ਵਿਚਾਰ ਅਤੇ ਕਾਵਿ ਵੰਨਗੀ ਰਿਵਾਇਤੀ ਕਿੱਸਾ ਕਾਵਿ ਵਾਲੀ ਹੈ :

ਨਜ਼ਰਾ ਮਿਲੀਆਂ ਦਿਲ ਵੀ ਮਿਲ ਗਏ,

ਪਰ ਤਕਦੀਰਾਂ ਨਾ ਮਿਲੀਆ।

ਪਤੇ ਮਿਲੇ ਪਰ ਤੈਨੂੰ ਮਿਲਣ ਦੀਆਂ

ਤਦਬੀਰਾਂ ਨਾ ਮਿਲੀਆਂ।

ਪੁੱਤ ਹੋ ਗਏ ਕਈ ਦੇਖਣ ਵਾਲੇ

ਨਕਸ਼ ਜਿਨ੍ਹਾਂ ਤਸਵੀਰਾਂ ਦੇ

ਲੱਭਦੇ ਰਹੇ ਮੁੜ ਸਾਨੂੰ ਤਸਵੀਰਾਂ ਨਾ ਮਿਲੀਆਂ ।

ਇਕ ਅਸੀਂ ਹਾਂ ਜਿਹੜੇ ਤੇਰੇ ਪਿਆਰ ਦੇ ਰੋਗੀ ਹੋਏ।

ਧਾਰਮਿਕ ਕਾਵਿ ਵੀ ਪਰੰਪਰਾਵਾਦੀ ਕਾਵਿ ਦਾ ਹੀ ਅੰਗ ਹੈ। ਪਾਕਿਸਤਾਨ ਵਿੱਚ 'ਨਾਤ' ਕਾਵਿ ਰੂਪ ਦੀ ਸ਼ਕਲ ਵਿੱਚ ਇਸ ਕਾਵਿ ਦੀ ਰਚਨਾ ਹੋਈ। ਇਸ ਵੰਨਗੀ ਦੀ ਕਵਿਤਾ ਲਿਖਣ ਵਾਲਿਆਂ ਵਿੱਚ ਪੀਰ ਫਜ਼ਲ ਸ਼ਾਹ ਗੁਜਰਾਤੀ ਤੇ ਡਾ. ਫ਼ਕੀਰ ਮੁਹੰਮਦ ਫਕੀਰ ਤੋਂ ਬਿਨਾ ਹਫੀਜ਼ ਤੈਬ, ਸੈਮ ਚਿਸ਼ਤੀ, ਮੁਹੰਮਦ ਅਲੀ ਜ਼ਹੂਰੀ ਆਦਿ ਦੇ ਨਾਂ ਮਸ਼ਹੂਰ ਹਨ। ਮੁੱਢਲੀ ਪੰਜਾਬੀ ਗ਼ਜ਼ਲ ਅੰਦਰ ਵੀ ਸਾਨੂੰ ਪਰੰਪਰਾਵਾਦੀ ਰੰਗਣ ਵੇਖਣ ਨੂੰ ਮਿਲਦੀ ਹੈ।

**3.2 ਦੇਸ਼ ਵੰਡ ਦੀ ਕਵਿਤਾ :** ਦੇਸ਼ ਦੀ ਵੰਡ ਨਾਲ ਜਿੱਥੇ ਪਾਕਿਸਤਾਨੀ ਅਵਾਮ ਨੂੰ ਆਪਣੀ ਇੱਛਾ ਦੇ ਅਨੁਸਾਰ ਨਵਾਂ ਦੇਸ਼ ਮਿਲ ਗਿਆ ਇਸ ਲਈ ਇਹ ਉਹਨਾਂ ਲਈ ਖੁਸ਼ੀ ਦਾ ਸਬੱਬ ਸੀ ਉਥੇ ਆਪਣੇ ਭਰੇ-ਭਕੁਨੇ ਘਰਾਂ ਅਤੇ ਲਹਿ ਲਹਿ ਕਰਦੇ ਭਰੇ ਭਰਾਏ ਖੇਤਾਂ ਨੂੰ ਛੱਡ ਕੇ ਆਉਣਾ ਬੜਾ ਕਠਿਨ ਕਾਰਜ ਸੀ। ਦੇਸ਼ ਦੀ ਵੰਡ ਦਾ ਵਰਣਨ ਸਾਨੂੰ ਕਈ ਪਾਕਿਸਤਾਨੀ ਪੰਜਾਬੀ ਕਵੀਆਂ ਦੀਆਂ ਕਵਿਤਾਵਾਂ ਵਿੱਚ ਵੇਖਣ ਨੂੰ ਮਿਲਦਾ ਹੈ। ਇਸੇ ਤਰ੍ਹਾਂ ਅਨੀਸ ਨਾਗੀ ਨੇ 'ਲਾਹੌਰ' ਨਾ ਦੀ ਕਵਿਤਾ ਵਿੱਚ ਦੇਸ਼ ਵੰਡ ਦੇ ਦਰਦ ਨੂੰ ਉਲੀਕਿਆ ਹੈ :

ਲਾਹੌਰ

ਰੋਵੇ ਸ਼ਹਿਰ ਲਾਹੌਰ

ਰੋਵਣ ਇਹਦੇ ਸੁੰਨੇ ਘਰ

ਭੁੱਖੀਆ ਮਾਵਾਂ

ਆਪਣੇ ਪਿੰਜਰ ਆਪੇ ਚੁੱਕ ਕੇ

ਬੂਹੇ ਬੂਹੇ ਹੋਕਾ ਦੇਵਣ।

ਇਸੇ ਤਰ੍ਹਾਂ ਭਾਰਤ-ਪਾਕਿ ਵੰਡ ਨੂੰ ਆਪਣੇ ਕਾਵਿ ਦਾ ਅੰਗ ਬਣਾਦਿਆਂ ਅਹਿਮਦ ਰਾਹੀ ਨੇ ਕਿਹਾ ਹੈ ਕਿ :

ਲੇਖਾਂ ਉੱਤੇ ਸਾਹੀਆਂ ਡੁਲ੍ਹੀਆ

ਸੇਜੇ ਡਿਗ ਕੇ ਪੈਰਾਂ ਰੁਲੀਆਂ

ਮੰਜੀਆਂ ਸੁਹਣੀਆਂ,

ਹੀਰਾ ਭੈਣਾ ਦਿਉ ਵੀਰੋ।

ਦੇ ਚੁੰਨੀ ਮੇਰੀ ਲੀਰਾਂ ਕਤੀਰਾਂ।'

ਪਾਕਿਸਤਾਨ ਵਿੱਚੋਂ 'ਬੰਗਲਾ ਦੇਸ' ਦਾ ਬਣਨਾ 1971 ਦੀ ਇਕ ਬਹੁਤ ਮਹੱਤਵਪੂਰਨ ਘਟਨਾ ਸੀ। ਅਹਿਮਦ ਸਲੀਮ ਨੇ ਇਸ ਘਟਨਾ ਤੋਂ ਪ੍ਰਭਾਵਿਤ ਹੋ ਕੇ ਕਵਿਤਾ ਲਿਖੀ ਹੈ 'ਸਦਾ ਜੀਵੇ ਬੰਗਲਾ ਦੇਸ਼'। ਉਹ ਲਿਖਦਾ ਹੈ:

ਪਾਰ ਪੰਜਾਬੋਂ ਆਏ ਬੂਟ ਵਰਦੀਆਂ ਆਲੇ ਗੱਭਰੂ ਤੇਰੇ ਹੀ ਨਹੀਂ, ਪੰਜ ਪਾਣੀਆਂ ਦੇ ਵੀ ਓਨੇ ਹੀ ਵੈਰੀ ਨੇ।

**3.3 ਉਦਾਸੀ ਅਤੇ ਬੇਬਸੀ ਦੀ ਕਵਿਤਾ** : ਪਾਕਿਸਤਾਨੀ ਪੰਜਾਬੀ ਕਵਿਤਾ ਦੀ ਤੀਜੀ ਧਾਰਾ ਜੋ ਸਾਨੂੰ ਵੇਖਣ ਨੂੰ ਮਿਲਦੀ ਹੈ ਉਹ ਹੈ ਉਦਾਸੀ ਅਤੇ ਬੇਬਸੀ ਦੀ ਕਵਿਤਾ। ਪਾਕਿਸਤਾਨ ਬਣਨ ਨਾਲ ਜੋ ਤਬਦੀਲੀ ਵਾਪਰੀ ਉਹ ਇਹ ਕਿ ਇਹ ਖਿੱਤਾ ਨਿਰੋਲ ਇਸਲਾਮਿਕ ਪਛਾਣ ਨਾਲ ਜੁੜ ਗਿਆ। ਧਰਮ ਆਧਾਰਿਤ ਅਤੇ ਤਾਨਾਸ਼ਾਹੀ ਹਕੂਮਤ ਕਾਰਨ ਲੋਕਾਂ ਉਪਰ ਬਹੁਤ ਸਾਰੀਆਂ ਪਾਬੰਦੀਆਂ ਆਇਦ ਹੋ ਗਈਆਂ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਚੰਗੇ ਭਵਿੱਖ ਦਾ ਸੁਪਨਾ ਟੁੱਟ ਗਿਆ ਸੀ। ਹੁਣ ਲੋਕਾਂ ਕੋਲ ਦੋ ਹੀ ਰਾਹ ਬਚਦੇ ਸਨ ਕਿ ਜਾਂ ਤਾਂ ਸਥਾਪਤੀ ਵਿਰੁੱਧ ਸੰਘਰਸ਼ ਕੀਤਾ ਜਾਵੇ ਤੇ ਜਾਂ ਫਿਰ ਬੇਵਸੀ ਵਿੱਚ ਹੰਝੂ ਵਹਾਏ ਜਾਣ ਅਤੇ ਘੋਰ ਉਦਾਸੀ ਨੂੰ ਹੰਡਾਇਆ ਜਾਵੇ। ਸ਼ਾਇਦ ਤਾਨਾਸ਼ਾਹ ਮੁਲਕ ਹੋਣ ਕਾਰਨ ਪਾਕਿਸਤਾਨੀ ਕਵਿਤਾ ਵਿੱਚ ਉਦਾਸੀ ਭਾਰੂ ਰਹੀ ਹੈ। ਅਹਿਮਦ ਜ਼ਫਰ, ਅਨੀਸ਼ ਨਾਗੀ, ਆਬਾਸ ਅਤਹਰ, ਈਨਾਮ ਅਦੀਬ ਦੀਆਂ ਰਚਨਾਵਾਂ ਵਿੱਚ ਸਾਨੂੰ ਇਹ ਰੰਗ ਨਜ਼ਰ ਪੈਂਦਾ ਹੈ:

ਅਜ ਦੀ ਰਾਤ

ਰਾਤ ਗਮਾਂ ਦੀ

ਨਿੰਮੀ ਚੰਨ ਦੀ ਜੋਤ

ਗਿੱਧਾ ਪਾਉਂਦੀ ਮੌਤ।

ਅਸਲ ਵਿਚ ਇਹ ਉਦਾਸੀ ਦੇ ਭਾਵ ਪੰਜਾਬੀ ਭਾਈਚਾਰੇ ਦੀ ਉਦਾਸੀ ਦਾ ਪ੍ਰਗਟਾਅ ਜਾਪਦੇ ਹਨ ਜਿਸ ਨੇ ਦੇਸ਼ ਆਜ਼ਾਦ ਹੋ ਜਾਣ ਨਾਲ ਹੀ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣ ਅਤੇ ਇਕ ਹੱਸਦੀ ਖੇਡਦੀ ਜ਼ਿੰਦਗੀ ਦੀ ਕਲਪਨਾ ਕੀਤੀ ਸੀ ਪਰੰਤੂ ਅਸਲੀਅਤ ਵਿਚ ਸਿਰਫ ਗੋਰੇ ਹਾਕਮਾ ਦੀ ਥਾਂ ਕਾਲੇ ਆ ਗਏ ਤੇ ਲੋਕਾਂ ਦੀ ਜ਼ਿੰਦਗੀ

ਪਹਿਲਾਂ ਨਾਲੋਂ ਵੀ ਦੁੱਭਰ ਹੋ ਗਈ. ਅਜਿਹੇ ਸਮੇਂ ਮਨੁੱਖੀ ਆਜ਼ਾਦੀ 'ਤੇ ਲੱਗੀਆਂ ਪਾਬੰਦੀਆਂ ਨੇ ਉਸ ਨੂੰ ਘੋਰ ਉਦਾਸੀ ਵੱਲ ਧੱਕ ਦਿੱਤਾ।

ਇਹੋ ਜਿਹੇ ਵੀ ਕੁਝ ਰੋਗ ਨੇ

ਦੱਸਿਆਂ ਦੱਸ ਨਹੀਂ ਹੁੰਦੇ

ਇਹੋ ਜਿਹੇ ਕੁਝ ਸੋਗ ਨੇ

ਜਿਹੜੇ ਆਪਣੇ ਵੱਸ ਨਹੀਂ ਹੁੰਦੇ

ਇਹੋ ਜਿਹੇ ਵੀ ਕੁਝ ਹੰਝ ਨੇ ਜਿਹੜੇ

ਰੋਇਆਂ ਰੋ ਨਹੀਂ ਹੁੰਦੇ

ਇਹੋ ਜਿਹੇ ਵੀ ਕੁਝ ਦਾਗ ਨੇ ਜਿਹੜੇ

ਧੋਇਆ ਧੋ ਨਹੀਂ ਹੁੰਦੇ

(ਰਫ਼ਾਕਤ ਹੁਸੈਨ ਮੁਮਤਾਜ)

**3.4 ਯਥਾਰਥਵਾਦੀ ਕਵਿਤਾ**: ਪਾਕਿਸਤਾਨੀ ਪੰਜਾਬੀ ਕਵਿਤਾ ਦੀ ਇਕ ਹੋਰ ਧਾਰਾ ਯਥਾਰਥਵਾਦ ਨਾਲ ਜੁੜੀ ਹੋਈ ਹੈ। ਦੋਵੇਂ ਪਾਸੇ ਦੇ ਪੰਜਾਬ ਵਿਚ ਬਹੁ-ਗਿਣਤੀ ਲੋਕਾਂ ਦਾ ਮੁਖ-ਧੰਦਾ ਖੇਤੀਬਾੜੀ ਹੈ। ਦੋਹਾਂ ਪਾਸਿਆਂ ਤੋਂ ਪਰਵਾਸ ਕਰਕੇ ਗਏ ਵਿਅਕਤੀਆਂ ਦਾ ਵੀ ਮੁੱਖ ਧੰਦਾ ਖੇਤੀਬਾੜੀ ਜਾਂ ਖੇਤੀਬਾੜੀ ਨਾਲ ਜੁੜਿਆ ਹੋਇਆ ਸੀ। ਇਸ ਕਰਕੇ ਪੰਜਾਬੀ ਭਾਸ਼ਾ ਦੀ ਕਵਿਤਾ ਵਿਚ ਨਾ ਕੇਵਲ ਵਾਰ ਵਾਰ ਕਿਸਾਨੀ ਨਾਲ ਸੰਬੰਧਿਤ ਸਮੱਸਿਆਵਾਂ ਹੀ ਅਗਰਭੂਮਿਤ ਹੋਈਆਂ ਹਨ ਸਗੋਂ ਕਵਿਤਾ ਨੇ ਆਪਣੇ ਪ੍ਰਗਟਾਅ ਲਈ ਬਿੰਬ ਪ੍ਰਤੀਕ ਵੀ ਪ੍ਰਮੁੱਖ ਤੌਰ ਤੇ ਕਿਸਾਨੀ ਜੀਵਨ ਯਥਾਰਥ ਵਿੱਚੋਂ ਚੁਣੇ ਹਨ। ਇਸੇ ਤਰ੍ਹਾਂ ਕਿਸਾਨਾਂ ਅਤੇ ਜਾਗੀਰਦਾਰਾਂ ਦੇ ਰੁਤਬੇ ਅਤੇ ਵਿਰੋਧ ਨੂੰ ਵੀ ਅਫਜ਼ਲ ਪਰਵੇਜ਼ ਨੇ ਆਪਣੀ ਕਵਿਤਾ ਵਿੱਚ ਬਿਆਨ ਕੀਤਾ ਹੈ:

ਅੱਗੇ ਵਧਨਾ ਏ?

ਪੈਰ ਵੱਢ ਦਵਾਂਗੀ

ਮੈਨੂੰ ਘੂਰਨਾਂ ਏਂ?

ਅੱਖਾਂ ਕੱਢ ਲਵਾਂਗੀ

ਜਿੱਥੇ ਹੈਗਾ ਏਂ,

ਉਥੇ ਈ ਗੱਡ ਦਵਾਂਗੀ

ਤੂੰ ਕੀ ਸਮਝਨਾਂ ਏਂ

ਮੁਜ਼ਾਰਿਆਂ ਦੀ ਇਜ਼ਤ

ਰੱਖ ਵਾਲੇ ਰੁੱਖਾਂ ਵਾਂਗੂੰ ਤੇਰਾ ਮਾਲ ਏ?

ਤੇ ਸਾਡੀ ਹਰ ਸ਼ੈ ਤੇਰੇ ਵਾਸਤੇ ਹਲਾਲ ਏ?

ਤਨਵੀਰ ਬੁਖਾਰੀ ਆਪਣੀ ਕਵਿਤਾ ਵਿੱਚ ਕਹਿੰਦਾ ਹੈ :

ਸ਼ਾਮ ਪੈਂਦੀ ਏ ਲੋਕ ਮੇਲ ਬਹਿੰਦੇ ਨੇ ਕਲੱਬ

ਜਿਉਂ ਘਰਾਂ ਦੇ ਦੀਵਿਆਂ ਵਿੱਚ

ਤੇਲ ਨਹੀਂ ਹੁਣ ਰਹਿ ਗਿਆ

ਅੱਜ ਇਕ ਵਿਹੜੇ ਵਾਲੇ ਨੂੰ ਵੀ

ਨਹੀਂ ਮੇਰੀ ਸਿਆਣ

ਝਖੜਾਂ ਤੋਂ ਪਹਿਲੇ

ਸਾਰਾ ਪਿੰਡ ਸੀ ਜਾਣੂ ਮੇਰਾ ।

ਸ਼ਰੀਫ਼ ਕੁੰਜਾਹੀ ਵੀ ਇਕ ਅਜਿਹਾ ਸ਼ਾਇਰ ਹੈ ਜਿਸ ਦੀ ਸ਼ਾਇਰੀ ਵਿੱਚ ਯਥਾਰਥਵਾਦੀ ਰੰਗਣ ਵੇਖਣ ਨੂੰ ਮਿਲਦੀ ਹੈ। ਉਸਨੇ ਕਿਸਾਨੀ ਸੰਕਟ ਉਪਰ ਵੀ ਨਿੱਠ ਕੇ ਅਤੇ ਮੋਹ ਭਿਜੇ ਲਫ਼ਜ਼ਾਂ ਵਿੱਚ ਲਿਖਿਆ ਹੈ। ਅਸ਼ਫਾਕ ਸਰਵਰ ਦੇ ਸ਼ਬਦਾਂ ਵਿੱਚ, ਉਹ ਪੰਜਾਬੀ ਦੇ ਪਹਿਲੇ ਸ਼ਾਇਰ ਨੇ, ਜਿਨ੍ਹਾਂ ਨੇ ਇਕ ਬੜੀ Languid Aestheticism (ਨਿਰਜਿੰਦ ਸੁਹਜਵਾਦ) ਅਤੇ ਹਯਾਤੀ ਕੋਲੋਂ ਅਲੱਗ ਅਦਬ ਨੂੰ ਰੱਦ ਕਰਕੇ ਹਕੀਕਤ ਉੱਤੇ ਆਪਣੇ ਤਾਕਤਵਰ ਯਕੀਨ ਦਾ ਸਬੂਤ ਦਿੱਤਾ ਹੈ। ਉਨ੍ਹਾਂ ਨੇ ਇਹ ਗੱਲ ਮਹਿਸੂਸ ਕੀਤੀ ਜੋ ਜਿੰਦਾ ਰਹਿਣ ਦੀ ਸ਼ਾਨ ਹੈ, ਭਾਵੇਂ ਹਯਾਤੀ ਆਪਣੇ ਰੂਪ ਵਿੱਚ ਕਠਿਨ, ਔਖੀ ਤੇ ਬਾਅਜ ਵੇਲੇ ਖਤਰਨਾਕ ਵੀ ਕਿਉਂ ਨਾ ਹੋਵੇ, ਪਰ ਆਪਣੀ ਤਹਿ ਦੇ ਵਿੱਚ ਉਹ ਆਪਣੇ ਅੰਦਰ ਬੜਾ ਹੁਸਨ ਵੀ ਰਖਦੀ ਏ। ਪਾਕਿਸਤਾਨੀ ਪੰਜਾਬ ਵਿੱਚ ਹੜ੍ਹਾਂ ਕਾਰਨ ਖੇਤੀ ਦਾ ਬਹੁਤ ਖਰਾਬਾ ਹੁੰਦਾ ਹੈ। ਹੜ੍ਹਾਂ ਦੀ ਮਾਰ ਬਾਰੇ ਸ਼ਰੀਫ ਕੁੰਜਾਹੀ ਲਿਖਦਾ ਹੈ:

ਕੀ ਦੱਸਾਂ ਮੈਂ ਕੀ ਕਰ ਗਈਆਂ,

ਕਾਗਾਂ ਨਾਲ ਅਸਾਡੇ

ਛਲ੍ਹ ਛਲ੍ਹ ਪੈਂਦੇ ਅੱਖੀਆਂ ਦੇ ਇਹ,

ਦੋਵੇਂ ਖਾਲ ਅਸਾਡੇ

ਗ਼ਮਾਂ ਦੀ ਸਾਉਣੀ ਚੰਗੀ ਚੁੱਕੀ,

ਮੁੱਕੇ ਕਾਲ ਅਸਾਡੇ

ਭਾਹ ਪਈ ਉਹ ਡੰਗ ਗਮਾਂ ਦੀ,

ਤੇਜ ਕਮਾਲ ਅਸਾਡੇ

ਡਿੱਗਦੇ ਪਏ ਜਿਨ੍ਹਾਂ ਨੇ ਪੀਤੇ,

ਹੈਨ ਹੰਗਾਲ ਅਸਾਡੇ

ਰਿਜਵੀ ਦੀ ਇਕ ਨਜ਼ਮ ਦੇ ਬੋਲ ਹਨ :

ਗੈਰਤ ਦੇ ਦਰਵਾਜ਼ੇ ਪਿੱਛੇ

ਛੁਪ ਕੇ ਬੈਠੀ ਹੋਈ ਮਜ਼ਬੂਰੀ

ਤੇਰੀ ਆਸ ਕਰੇਗੀ ਪੂਰੀ

ਇਹ ਮਜ਼ਬੂਰੀ । '

**3.5 ਪ੍ਰਗਤੀਵਾਦੀ ਕਵਿਤਾ** : ਜਦੋਂ ਦੇਸ਼ ਦੀ ਵੰਡ ਹੋਈ ਤਾਂ ਇਕ ਵਾਰ ਸਾਵੀਂ ਤੋਰੇ ਤੁਰਦੀ ਜ਼ਿੰਦਗੀ ਤਹਿਸ ਨਹਿਸ ਹੋ ਗਈ। ਉਸਨੂੰ ਮੁੜ ਥਾਂ ਸਿਰ ਕਰਨ ਲਈ ਬਹੁਤ ਮਿਹਨਤ ਅਤੇ ਸੁਖਾਵੇਂ ਮਹੌਲ ਦੀ ਜ਼ਰੂਰਤ ਸੀ। ਇਕ ਤਰ੍ਹਾਂ ਨਾਲ ਜ਼ਿੰਦਗੀ ਦੀ ਬਿਹਤਰੀ ਲਈ ਸੰਘਰਸ਼ ਲੜਨਾ ਪੈਣਾ ਸੀ। ਇਸ ਸੰਘਰਸ਼ ਲਈ ਲੋਕਾਂ ਨੂੰ ਤਨੋ ਮਨੋ ਤਿਆਰ ਕਰਨ ਲਈ ਜਿਸ ਹੌਸਲੇ, ਉਤਸ਼ਾਹ ਅਤੇ ਜਜ਼ਬੇ ਦੀ ਜਰੂਰਤ ਸੀ ਉਹ ਮਾਰਕਸਵਾਦੀ ਵਿਚਾਰਧਾਰਾ ਤੋਂ ਹੀ ਮਿਲ ਸਕਦਾ ਸੀ। ਆਮ ਲੋਕਾਈ ਦੀਆਂ ਜੀਵਨ ਹਾਲਾਤਾਂ ਨੂੰ ਬਿਹਤਰ ਬਣਾਉਣ ਲਈ ਇਹ ਫਲਸਫਾ ਹੀ ਇਕੋ ਇਕ ਕਾਰਗਰ ਹਥਿਆਰ ਸੀ। ਸਾਹਿਤ ਦੇ ਖੇਤਰ ਵਿੱਚ ਇਸ ਵਿਚਾਰਧਾਰਾ ਨੂੰ ਚੇਤਨ ਤੌਰ ਤੇ ਪਿਛੋਕੜ ਵਿੱਚ ਰੱਖ ਕੇ ਜਿਹੜੀ

ਕਵਿਤਾ ਰਚੀ ਗਈ ਉਹ ਕਵਿਤਾ ਪ੍ਰਗਤੀਵਾਦੀ ਕਵਿਤਾ ਅਖਵਾਉਂਦੀ ਹੈ। ਆਧੁਨਿਕ ਪਾਕਿਸਤਾਨੀ ਪੰਜਾਬੀ ਕਾਵਿ ਅੰਦਰ ਇਸ ਧਾਰਾ ਨਾਲ ਜੁੜੀ ਹੋਈ ਬਹੁਤ ਸਾਰੀ ਕਵਿਤਾ ਵੇਖਣ ਨੂੰ ਮਿਲਦੀ ਹੈ।

ਪਾਕਿਸਤਾਨੀ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਅਹਿਮਦ ਰਾਹੀਂ ਸਮਾਜਿਕ ਚੇਤਨਾ ਦਾ ਕਵੀ ਹੈ, ਪਰ ਮੁਸ਼ਤਾਕ ਭੱਟੀ ਉਸ ਤੋਂ ਵੀ ਦੋ ਕਦਮ ਅਗੇਰੇ ਜਾਪਦਾ ਹੈ। ਸਫ਼ੀ ਅਕੀਲ ਇਕ ਹੋਰ ਪਾਕਿਸਤਾਨੀ ਕਵੀ ਹੈ ਜਿਸ ਨੇ ਆਪਣੀ ਕਵਿਤਾ ਵਿੱਚ ਤਕੜੇ ਤੇ ਮਾੜੇ ਦੇ ਸੰਘਰਸ਼ ਨੂੰ ਵਿਸ਼ਾ ਬਣਾਇਆ ਹੈ। ਉਹ ਇਕ ਥਾਂ ਪ੍ਰਤੀਕਾਂ ਦੀ ਸਹਾਇਤਾ ਨਾਲ ਆਪਣੇ ਵਿਚਾਰਾਂ ਦਾ ਇਜ਼ਹਾਰ ਕਰਦਾ ਹੋਇਆ ਲਿਖਦਾ ਹੈ :

ਸੂਰਜ ਤੋਂ ਡਰਦੇ ਪਰਛਾਵੇਂ

ਰਹਿ ਰਹਿ ਰੂਪ ਵਟਾਉਂਦੇ।

ਕੰਧਾਂ ਉਹਲੇ ਝੁਕ ਝੁਕ ਬਹਿੰਦੇ।

ਆਪਣਾ ਆਪ ਬਚਾਉਂਦੇ।

'ਅਹਿਮਦ ਰਾਹੀਂ' ਦੀ ਕਵਿਤਾ ਵਿੱਚ ਵੀ ਪ੍ਰਗਤੀਵਾਦੀ ਵਿਚਾਰਧਾਰਕ ਚੇਤਨਾ ਯਥਾਰਥਕ ਰੂਪ ਵਿੱਚ ਪੇਸ਼ ਹੋਈ ਹੈ। ਉਹ ਆਪਣੀ ਇਕ ਕਵਿਤਾ ਵਿੱਚ ਕਿਰਤੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦਾ ਹੋਇਆ ਕਹਿੰਦਾ ਹੈ :

ਮੈਂ ਸੋਚਾਂ ਇਨ੍ਹਾਂ ਦੇ ਵਿੱਚੋਂ

ਦਾਣਾ ਨਹੀਂ ਉਨ੍ਹਾਂ ਜੋਗਾ,

ਜਿਨ੍ਹਾਂ ਕਿਰਤੀਆਂ ਕਿਰਸਾਨਾਂ ਨੇ

ਜੇਠ ਹਾੜ ਦੀਆਂ ਧੁੱਪਾਂ,

ਪੋਹ ਮਾਘ ਦੇ ਪਾਲੇ,

ਆਪਣੇ ਸਿਰ 'ਤੇ ਜਾਲੇ ।

ਪ੍ਰਗਤੀਵਾਦੀ ਕਵੀਆਂ ਵਿੱਚ ਅਸੀਂ ਫ਼ਖਰ ਜ਼ਮਾਨ, ਹੁਸੈਨ ਸ਼ਾਹਦ, ਅਫ਼ਜਲ ਪਰਵੇਜ਼ ਰੰਧਾਵਾ, ਸਰੀਫ਼ ਸਾਬਰ ਆਦਿ ਨੂੰ ਸ਼ਾਮਿਲ ਕਰ ਸਕਦੇ ਹਾਂ। ਇਨ੍ਹਾਂ ਵਿੱਚੋਂ ਕੁਝ ਤਾਂ ਕਦੇ-ਕਦੇ ਵਿਦਰੋਹੀ ਵੀ ਹੋ ਜਾਦੇ ਹਨ। ਇਕ ਵਿਦਵਾਨ ਦੇ ਸਬਦਾਂ ਵਿੱਚ, ਇਨ੍ਹਾਂ ਕਵੀਆਂ ਵਿੱਚ ਵਿਦਰੋਹੀ ਭਾਵਨਾਵਾਂ ਅਤੇ ਆਸ਼ਾਵਾਦ ਕਾਫ਼ੀ ਹੱਦ ਤਕ ਕਾਇਮ ਹੈ :

ਉਸ ਨੇ ਆਖਿਆ ਸੋਹਣਿਆ ਸੱਜਣਾ,

ਸਦਾ ਰਹੇ ਨਾ ਰਾਤ।

ਸਦਾ ਨਾ ਲੇਖੀਂ ਗੁੰਝਲਾਂ ਹੋਵਣ

ਸਦਾ ਨਾ ਬਾਜ਼ੀ ਮਾਤ।

(ਰੰਧਾਵਾ, ਦੂਜਾ ਸਫ਼ਰ)

ਹੁਣ ਗ਼ਮ ਦੇ ਪੈਂਡੇ ਮੁਕਣਗੇ

ਧਰਤੀ ਦੇ ਹੰਝੂ ਸੁੱਕਣਗੇ।

ਉਹ ਆਪ ਹਯਾਤੀ ਪਾਵਣਗੇ

ਜੋ ਝੂਠੇ ਦੇ ਮੂੰਹ 'ਤੇ ਥੁੱਕਣਗੇ ।

(ਸ਼ਰੀਫ ਸਾਬਰ)

**3.6 ਨਾਰੀ ਕਾਵਿ:** ਆਜ਼ਾਦੀ ਤੋਂ ਬਾਅਦ ਵਿਸ਼ਵ ਪੱਧਰ ਉਪਰ ਨਾਰੀ ਚੇਤਨਾ ਦੀ ਇਕ ਲਹਿਰ ਉਤਪਨ ਹੋਈ ਹੈ। ਇਸ ਨੇ ਨਾਰੀ ਨੂੰ ਆਪਣੇ ਹੱਕਾਂ ਅਤੇ ਅਧਿਕਾਰਾਂ ਪ੍ਰਤੀ ਚੇਤਨ ਕੀਤਾ ਹੈ। ਔਰਤ ਜਾਗ੍ਰਤੀ ਦੀ ਇਸ ਮੁਹਿੰਮ ਦੇ ਸਿੱਟੇ ਵਜੋਂ ਔਰਤ ਸਮੱਸਿਆਵਾਂ ਅਗਰਭੂਮਿਤ ਹੋ ਰਹੀਆਂ ਹਨ ਅਤੇ ਇਸ ਦੇ ਨਾਲ ਹੀ ਔਰਤ ਅਨੁਭਵ ਨੂੰ ਕਵਿਤਾ ਵਿਚ ਸਥਾਨ ਮਿਲ ਰਿਹਾ ਹੈ। ਪੰਜਾਬੀ ਦੀ ਮੱਧਕਾਲੀ ਕਵਿਤਾ ਵਿਚ ਪੀਰੋ-ਪ੍ਰੇਮਣ ਤੋਂ ਛੁੱਟ ਹੋਰ ਕੋਈ ਲੇਖਿਕਾ ਨਹੀਂ ਹੈ ਪਰੰਤੂ ਇਹ ਵੀ ਦਿਲਚਸਪ ਗੱਲ ਹੈ ਕਿ ਬਹੁਤੇ ਮਰਦ ਲੇਖਕਾਂ ਨੇ ਆਪਣੇ ਆਪ ਨੂੰ ਔਰਤ ਰੂਪ ਵਿਚ ਪੇਸ਼ ਕੀਤਾ ਹੈ। ਖ਼ਾਸ ਕਰਕੇ ਸੂਫ਼ੀ ਕਾਵਿ ਤੇ ਗੁਰਮਤਿ ਕਾਵਿ ਤਾਂ ਇਸ ਕਿਸਮ ਦੇ ਅਨੁਭਵ ਨਾਲ ਭਰਪੂਰ ਹੈ। ਆਧੁਨਿਕ ਕਾਲ ਵਿਚ ਇਕ ਪਾਸੇ ਤਾਂ ਔਰਤਾਂ ਦੀਆਂ ਸਮੱਸਿਆਵਾਂ ਨੂੰ ਮਰਦ ਲੇਖਕਾਂ ਨੇ ਤੇ ਦੂਜੇ ਪਾਸੇ ਔਰਤਾਂ ਨੇ ਆਪਣੀ ਦ੍ਰਿਸ਼ਟੀ ਤੋਂ ਸਮਝਣਾ ਸ਼ੁਰੂ ਕੀਤਾ ਹੈ। ਪਾਕਿਸਤਾਨੀ ਪੰਜਾਬੀ ਕਵਿਤਾ ਵਿੱਚ ਵੀ ਇਹ ਰੰਗ ਨਜ਼ਰੀਂ ਪੈਂਦਾ ਹੈ।

ਅਹਿਮਦ ਰਾਹੀ ਦੀ ਕਵਿਤਾ ਦਾ ਰੰਗ :

ਆਈਆਂ ਬੂਹੇ ਤੇਰੇ, ਤੇਰੀਆਂ ਜਾਈਆਂ ਬਾਬਲ, ਸੁਣ ਬਾਬਲਾ ਵੇ

ਤੇਰੀਆਂ ਲੁੱਟੀਆਂ ਹੋਈਆਂ ਕਮਾਈਆਂ ਬਾਬਲ, ਸੁਣ ਬਾਬਲਾ ਵੇ

ਦੁੱਖ ਜਰੇ ਮੁਸੀਬਤਾਂ ਝੱਲੀਆਂ ਨੀ,

ਅਸੀਂ ਦੇਖੀਆਂ ਘੜੀਆਂ ਅਵੱਲੀਆਂ ਨੀ।

ਸਾਡੇ ਲੇਖਾਂ ਤੇ ਡੁੱਲ ਗਈਆਂ ਸਾਹੀਆਂ ਬਾਬਲ

ਔਰਤ ਆਪਣੇ ਆਪ ਨੂੰ ਜਿਸ ਤਰ੍ਹਾਂ ਮਹਿਸੂਸ ਕਰਦੀ ਹੈ, ਜਿਸ ਤਰ੍ਹਾਂ ਦਾ ਸੰਸਾਰ ਉਹ ਆਪਣੇ ਲਈ ਤਸੱਵਰ ਕਰਦੀ ਹੈ ਉਸ ਬਾਰੇ ਕੌਮਾਂਤਰੀ ਪੱਧਰ ਉਪਰ ਔਰਤ ਨੇ ਕਾਵਿ ਉਚਾਰਨ ਕੀਤਾ ਹੈ। ਇਸ ਬਾਰੇ ਭਾਰਤੀ ਪੰਜਾਬ ਵਿਚ ਜਿਨ੍ਹਾਂ ਕਵਿਤਰੀਆਂ ਨੇ ਲਿਖਿਆ ਉਨ੍ਹਾਂ ਵਿਚੋਂ ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਮਨਜੀਤ ਟਿਵਾਣਾ, ਸੁਖਵਿੰਦਰ ਅੰਮ੍ਰਿਤ, ਵਨੀਤਾ ਆਦਿ ਦੀ ਇਕ ਲੰਮੀ ਸੂਚੀ ਹੈ। ਪਾਕਿਸਤਾਨ ਵਿਚ ਵੀ ਸ਼ਾਇਸਤਾ ਹਬੀਬ, ਸ਼ਾਰਾ ਸ਼ਗੁਫ਼ਤਾ, ਨਸਰੀਨ ਅੰਜੁਮ ਭੱਟੀ, ਬੁਸ਼ਰਾ ਏਜਾਜ ਆਦਿ ਨੇ ਲਿਖਿਆ ਹੈ। ਨੀਲ ਕਰਾਈਆਂ ਕੰਜਕਾਂ ਵਾਲੀ ਨਸਰੀਨ ਅੰਜੁਮ ਭੱਟੀ ਆਪਣੇ ਭਾਵ ਇਸ ਤਰ੍ਹਾਂ ਦਰਸਾਉਂਦੀ ਹੈ :

ਸਵੇਰੇ ਸਵੇਰੇ

ਮੇਰੀ ਸ਼ਾਮ ਉਦਾਸ ਕਰ ਛੱਡੀ ਆ

ਮੈਂ ਆਪਣੇ ਹਾਣ ਤੋਂ ਮੁੱਕਰ ਜਾਨੀ ਆਂ

ਤੂੰ ਮੇਰੇ ਮਾਣ ਤੋਂ ਮੁੱਕਰ ਜਾ

ਜਦੋਂ ਮੈਂ ਢੋਲਕੀ ਧਰੀ

ਕੋਈ ਨਾ ਕੋਈ ਮਰਗ ਥੀ ਗਈ

ਢੋਲਕੀ ਤੇ ਮੈਂ ਮਰਗ ਤੇ ਵਜਾਨੀ ਆਂ

ਮੈਂ ਤੇ ਅੰਮਾਂ ਫੇਰ ਵਿਆਹ ਵਾਲੇ ਘਰ ਚਲੀਆਂ ਸਾਡੇ ਮਗਰ ਨਾ ਆਵੀਂ

ਹੋਰ ਵੀ ਬਹੁਤ ਸਾਰੀਆਂ ਕਵਿਤਰੀਆਂ ਨੇ ਪਾਕਿਸਤਾਨੀ ਪੰਜਾਬੀ ਨਾਰੀ ਦੀਆਂ ਭਾਵਨਾਵਾਂ ਅਤੇ ਸਮੱਸਿਆਵਾਂ ਨੂੰ ਧੀਮੀ ਸੁਰ ਵਿੱਚ ਉਭਾਰਿਆ ਹੈ। ਇਹ ਵੀ ਸੱਚ ਹੈ ਕਿ ਭਾਰਤੀ ਪੰਜਾਬ ਦੀਆਂ ਕਵਿੱਤਰੀਆਂ ਪਾਕਿਸਤਾਨੀ ਪੰਜਾਬ ਦੀਆਂ ਕਵਿੱਤਰੀਆਂ ਦੇ ਮੁਕਾਬਲੇ ਵਧੇਰੇ ਉਚੇ ਸੁਰ ਵਿਚ ਬੋਲਦੀਆਂ ਹਨ ।

**3.7 ਆਧੁਨਿਕਤਾਵਾਦੀ ਕਵਿਤਾ** : ਆਧੁਨਿਕਤਾ ਵਿਸ਼ਵ ਕਵਿਤਾ ਅੰਦਰ ਇਕ ਨਵੀਂ ਨਜ਼ਰ ਆਉਂਦੇ ਹਨ। ਇਸ ਝੁਕਾਅ ਨੂੰ ਸਿਨਿਸਿਜ਼ਮ ਦੀ ਪ੍ਰਵਿਰਤੀ ਆਖਦੇ ਹਨ। ਇਹ ਇਕ ਅਜਿਹੀ ਕਾਵਿ ਪ੍ਰਵਿਰਤੀ ਹੈ ਜਿਸ ਵਿੱਚ ਬਹੁਪੱਖੀ ਝੁਕਾਅ ਆਧੁਨਿਕ ਦੰਭ ਵੱਲ ਵਧੇਰੇ ਹੁੰਦਾ ਹੈ। ਪਿਆਰਾ ਸਿੰਘ ਦੇ ਸ਼ਬਦਾਂ ਵਿੱਚ, ਇਸ ਪ੍ਰਵਿਰਤੀ ਦੀ ਸਭ ਤੋਂ ਵੱਡੀ

ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਸਥਾਪਿਤ ਮੁੱਲਾਂ ਤੇ ਕਦਰਾਂ-ਕੀਮਤਾਂ ਪ੍ਰਤੀ ਕੇਵਲ ਅਸੰਤੋਸ਼ ਹੀ ਨਹੀਂ, ਸਗੋਂ ਇਸ ਵਿੱਚ ਆਪਣੀ ਜੀਵਨ ਦ੍ਰਿਸ਼ਟੀ ਅਨੁਸਾਰ ਜ਼ਿੰਦਗੀ ਜੀਉਣ ਦੀ ਪ੍ਰਬਲ ਇੱਛਾ ਤੇ ਸ਼ਕਤੀ ਨਜ਼ਰ ਆਉਂਦੀ ਹੈ।

ਆਧੁਨਿਕਤਾਵਾਦੀ ਕਵਿਤਾ ਵਿੱਚ ਅਸਤਿਤਵਾਦੀ ਰੁਚੀ ਵੀ ਵੇਖਣ ਨੂੰ ਮਿਲਦੀ ਹੈ। ਇਹ ਰੁਚੀ ਕਈ ਕਵੀਆਂ ਵਿੱਚ ਮੌਜੂਦ ਹੈ, ਫ਼ਖਰ ਜ਼ਮਾਨ ਉਨ੍ਹਾਂ ਵਿੱਚੋਂ ਇਕ ਹੈ:

ਸਾਰੇ ਰਸਤੇ ਬੰਦ ਕਰ ਦੇਵੇ

ਬਾਰੀਆਂ ਬੂਹੇ ਰੋਸ਼ਨਦਾਨ

ਇਹਨੂੰ ਪਲ ਲਈ ਬਹਿਣ ਨਾ ਦੇਵੇ

ਆਪੇ ਹਫ ਕੇ ਡਿੱਗ ਪਵੇਗੀ।'

(ਡਰਾਇੰਗ ਰੂਮ ਵਿੱਚ ਚਿੜੀ)

'ਮੁਨੀਰ ਅਹਿਮਦ ਸ਼ੇਖ' ਦੀ ਕਵਿਤਾ 'ਬਿਊਰੋਕਰੇਸੀ' ਵਿੱਚ ਆਧੁਨਿਕ ਢਾਂਚੇ ਉੱਤੇ ਵਿਅੰਗ ਕਸਿਆ ਮਿਲਦਾ ਹੈ :

'ਉਤਲੇ ਨੂੰ ਵਿਹੰਦੇ ਨੀਵੀਂ ਪਾ ਕੇ

ਥੱਲੜੇ ਨੂੰ ਆਨੇ ਟੱਡ ਕੇ

ਜਿਹੜੀ ਡਾਂਗ ਉਤਲਾ ਚਾ ਮਾਰੇ

ਹੇਠਾਂ ਤੀਕਰ ਵਾਰੋ ਵਾਰੀ

ਸਭ ਦੇ ਸਿਰ 'ਤੇ ਵਜਦੀ ਜਾਵੇ।"

ਸ਼ਹਿਜ਼ਾਦ ਅਹਿਮਦ ਦੀਆਂ ਹੇਠਾਂ ਲਿਖੀਆਂ ਸਤਰਾਂ ਅਜੋਕੇ ਮਨੁੱਖ ਦੀ ਅਪ੍ਰਮਾਣਿਕਤਾ ਦੀਆਂ ਸੂਚਕ ਹਨ:

ਮੇਰਾ ਦਿਲ ਵੀ ਇਕ ਹੁਜਰਾ ਏ,

ਜਿਸ ਦੇ ਬਾਹਰੋਂ-ਬਾਹਰੋਂ

ਝਾਤੀ ਮਾਰ ਕੇ ਲੰਘ ਜਾਂਦਾ ਏ,

ਵੇਲਾ ਲੱਖਾਂ ਵਰ੍ਹਿਆਂ ਬੁੱਢਾ ਵੇਲਾ।

ਮੈਂ ਵੀ ਅੰਦਰ ਲੁਕਿਆ ਹੋਇਆ ਡਰਨਾ ਵਾ

ਕਿਧਰੇ ਹੁਜਰੇ ਦੇ ਬੂਹੇ ਦੀ

ਚਾਬੀ ਨਾ ਲਭ ਜਾਵੇ ।'

ਪਾਕਿਸਤਾਨ ਦਾ ਪੰਜਾਬੀ ਸ਼ਾਇਰ 'ਅਫ਼ਜਲ ਅਹਿਸਨ ਰੰਧਾਵਾ ਵੀ ਬਹੁਤ ਮਕਬੂਲ ਕਵੀ ਕਹਾਣੀਕਾਰ ਹੈ। ਉਸਦੀ ਦੀ ਕਵਿਤਾ ਵਿੱਚ ਵੀ ਸਾਨੂੰ ਅਜਿਹਾ ਰੰਗ ਮਿਲਦਾ ਹੈ। ਪੁਸਤਕ 'ਕੁਝ ਪਾਰ ਦੀਆਂ ਅਤੇ ਵੱਖ-ਵੱਖ ਪੱਤ੍ਰਿਕਾਵਾਂ ਵਿੱਚ ਪ੍ਰਕਾਸ਼ਿਤ ਸ਼ਾਇਰਾਂ ਦੀਆਂ ਕਵਿਤਾਵਾਂ ਵਿੱਚੋਂ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

**3.8 ਰੋਮਾਂਸਵਾਦੀ ਕਵਿਤਾ**:

ਪਾਕਿਸਤਾਨ ਵਿੱਚ ਬਹੁਤ ਸਾਰੇ ਕਵੀਆਂ ਨੇ ਪਿਆਰ ਦੇ ਅੱਲ੍ਹੜ ਅਹਿਸਾਸ ਨੂੰ ਆਪਣੀ ਕਵਿਤਾ ਵਿੱਚ ਸੰਜੋਇਆ ਹੈ। ਪਾਕਿਸਤਾਨ ਇਕ ਮੁਸਲਿਮ ਦੇਸ਼ ਹੈ। ਉਥੋਂ ਦੀ ਸਭਿਆਚਾਰਕ ਵਿਲੱਖਣਤਾ ਹੈ ਕਿ ਉਹ ਸਿਰਫ਼ ਮਾਂ ਦਾ ਦੁੱਧ ਛੱਡ ਕੇ ਬਾਕੀ ਸਾਰੇ ਰਸ਼ਤਿਆਂ ਭਾਵ ਚਾਚੇ, ਤਾਏ, ਮਾਮੇ, ਭੂਆ, ਮਾਸੀ ਦੇ ਪੁੱਤਰ ਨਾਲ ਵਿਆਹ ਹੋ ਸਕਦਾ ਹੈ। ਇਸ ਪ੍ਰਸੰਗ ਵਿਚ ਸਰੀਫ ਕੁੰਜਾਹੀ ਦੀ ਪ੍ਰਸਿੱਧ ਕਵਿਤਾ *ਵੀਰ ਤੂੰ ਕੁੰਜਾਹ ਦਾ ਏ* ਸਭਿਆਚਾਰਕ ਵਿਭਿੰਨਤਾ ਨੂੰ ਪਰਗਟ ਕਰਦੀ ਹੈ ਜਿਸ ਵਿਚ ਨਾਇਕਾ ਆਪਣੇ ਮਾਮੇ ਦੇ ਮੁੰਡੇ ਨੂੰ ਪਿਆਰ ਕਰਦੀ ਹੈ ਅਤੇ ਉਸ ਨਾਲ ਹੀ ਵਿਆਹ ਕਰਾਉਣਾ ਚਾਹੁੰਦੀ ਸੀ ਪਰੰਤੂ ਗਰੀਬੀ ਕਾਰਨ ਮਾਮੇ ਟਾਲਾ ਵੱਟ ਜਾਂਦੇ ਹਨ ਤਾਂ ਉਸ ਦੇ ਮਾਪੇ ਕਿਸੇ ਲੋੜਵੰਦ ਨਾਲ ਉਸ ਦਾ ਵਿਆਹ ਕਰ ਦਿੰਦੇ ਹਨ ਤਾਂ ਉਹ ਆਪਣੇ ਮਾਮੇ ਦੇ ਮੁੰਡੇ ਨੂੰ ਮਿਹਣਾ ਮਾਰਦੀ ਏ :

ਕਦੇ ਵਰ੍ਹਾ ਵਰ੍ਹਾ ਓਥੇ ਜਾ ਕੇ ਰਹਿ ਆਉਂਦੀ ਸਾਂ। ਹੁਣ ਉਹਨਾਂ ਥਾਵਾਂ ਨੂੰ ਵੀ

ਤੱਕਣੇ ਨੂੰ ਸਹਿਕਨੀ ਵਾਂ

ਮੇਰੇ ਤੋਂ ਪਤਾ ਏ ਜੋ ਮਾਮੀ ਸਾਡੇ ਨਾਲ ਅਫਸੋਸੀ ਏ।

ਵੀਰ ਦੱਸ ! ਮੇਰਾ ਇਸ ਵਿਚ ਕੀ ਕਸੂਰ ਸੀ ? ਨਾਨਕਿਆਂ ਨਾਲੋਂ ਮੈਨੂੰ ਚੰਗੀ ਥਾਂ ਕਿਹੜੀ ਸੀ ਮਾਪਿਆਂ ਦੇ ਅੱਗੇ ਪਰ ਧੀਆਂ ਨਹੀਂ ਬੋਲਦੀਆਂ। ਵੱਜੇ ਹੋਏ ਸ਼ਰਮਾਂ ਦੇ ਜੰਦਰੇ ਨਾ ਖੋਲ੍ਹਦੀਆਂ। ਉਹਨਾਂ ਨੂੰ ਵੀ ਜੰਮਿਆਂ ਤੋਂ ਅੱਗੇ ਸ਼ੈ ਕਿਹੜੀ ਏ? ਉਹਨਾਂ ਦਾ ਉਹ ਬੁਰਾ ਕਦੇ ਮੰਗ ਨਹੀਂ ਸਕਦੇ।

ਇਉਂ ਇਸ ਕਵਿਤਾ ਦੀ ਨਾਇਕਾ ਇਕੋ ਵੇਲੇ ਭੈਣ ਅਤੇ ਪ੍ਰੇਮਿਕਾ ਦੇ ਅਹਿਸਾਸ ਵਾਲਾ ਰਿਸ਼ਤਾ ਜਿਉਂ ਰਹੀ ਹੈ। ਉਹ ਆਪਣੇ ਹੋਣ ਵਾਲੇ ਸ਼ੌਹਰ ਨੂੰ ਵੀਰ ਕਹਿ ਕੇ ਵੀ ਸੰਬੋਧਿਤ ਹੋ ਰਹੀ ਹੈ ਤੇ ਗੁਜ਼ਰ ਗਏ ਸਮੇਂ ਤੇ ਝੂਰ ਵੀ ਰਹੀ ਹੈ। ਭਾਵੇਂ ਕਿ ਸਾਰੀ ਦੁਨੀਆਂ ਦੀ ਪਿਆਰ ਕਵਿਤਾ ਹੀ ਇਕੋ ਜਿਹੇ ਭਾਵਾਂ ਨਾਲ ਲਬਰੇਜ਼ ਹੈ ਪਰ ਜੇ ਭਾਸ਼ਾ ਵੀ ਇਕੋ ਹੋਵੇ

ਤਾਂ ਦੋਹਾਂ ਪਾਸਿਆਂ ਦੇ ਕਵੀਆਂ ਦੀਆਂ ਕਵਿਤਾਵਾ ਦੀਆਂ ਸਤਰਾਂ ਅਤੇ ਗ਼ਜ਼ਲਾਂ ਦੇ ਸ਼ਿਅਰਾਂ ਦੇ ਅੰਬਾਰ ਲਗਾਏ ਜਾ ਸਕਦੇ ਹਨ। ਨਮੂਨੇ ਮਾਤਰ ਇਬਾਦ ਨਬੀਲ ਸ਼ਾਦ ਦੇ ਦੋ ਸ਼ੇਅਰ ਦਰਜ ਹਨ :

ਮੈਂ ਦੁਖਾਂ ਦੀ ਪੰਡ ਵੇਖ ਕੇ ਨਹੀਂ ਡਰਦਾ,

ਤੂੰ ਜੋ ਹੱਥ ਪਵਾਣ ਦਾ ਵਾਅਦਾ ਕੀਤਾ ਏ।

ਜਦ ਤਕ ਸਾਹ ਨੇ ਆਪਣੀ ਗੱਲ ਤੇ ਕਾਇਮ ਰਹਵੀਂ

ਤੂੰ ਮੈਨੂੰ ਭੁੱਲ ਜਾਣ ਦਾ ਵਾਅਦਾ ਕੀਤਾ ਏ।

ਇਸ ਕਵਿਤਾ ਵਿੱਚ ਮੋਹ ਦੇ ਅਹਿਸਾਸ ਦੇ ਨਾਲ ਨਾਲ ਇਸ ਵਿੱਚ ਸ਼ਕਤੀਸਾਲੀ ਆਸ਼ਾਵਾਦ ਵੀ ਹੈ:

ਮੈਂ ਰੋਜ਼ ਇਕ ਘੜਾ ਚਕਕੇ

ਝਨਾਂ ਦੇ ਕੰਢੇ ਤੇ ਜਾ ਔਨਾਂ

ਤੇ ਕੱਚੇ ਘੜੇ ਦੀ ਥਾਂ

ਇਕ ਪੱਕਾ ਓਥੇ ਰਖਨਾਂ

ਰੋਜ਼ ਇਕ ਸੋਹਣੀ ਤਰਕੇ

ਕਰਦੀ ਪਾਰ ਝਨਾਂ

ਤੇ ਮਿਲਦੀ ਜਾ ਮਹੀਂਵਾਲ

ਪ੍ਰੀਤਨਗਰ ਦੇ ਵਾਸੀਓ!

ਆਓ ਇਕ ਗੱਲ ਅਸੀਂ ਮਿਥੀਏ

ਅਸੀਂ ਜਿੱਥੇ ਕੱਚਾ ਵੇਖੀਏ

ਇਕ ਪੱਕਾ ਉਥੇ ਰੱਖੀਏ

ਕੋਈ ਕੱਚਾ ਹੋਰ ਤਰੇ ਨਾ

ਕੋਈ ਅੱਧ ਵਿੱਚ ਹੋਰ ਮਰੇ ਨਾ

(ਖਾਲਿਦ ਹੁਸੈਨ)

ਸਿੱਟਾ : ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਪਾਕਿਸਤਾਨੀ ਪੰਜਾਬੀ ਕਵੀਆਂ ਨੇ ਹਰ ਸਮਕਾਲੀ ਮਸਲੇ ਉਪਰ ਚਰਚਾ ਕੀਤੀ ਹੈ। ਉਹਨਾਂ ਨੇ ਦੇਸ਼ ਵੰਡ ਦੇ ਦਰਦ ਤੋਂ ਲੈ ਕੇ ਸਮਕਾਲੀ ਮਨੁੱਖ ਦੇ ਹਰ ਅਹਿਸਾਸ ਨੂੰ ਚਿਤਰਿਆ ਹੈ। ਪ੍ਰਮੁਖ ਤੌਰ ਤੇ ਆਧੁਨਿਕ ਪਾਕਿਸਤਾਨੀ ਪੰਜਾਬੀ ਕਵਿਤਾ ਵਿੱਚ ਸਮਾਜਿਕ, ਸਭਿਆਚਾਰਕ, ਰਾਜਸੀ, ਧਾਰਮਿਕ ਮਸਲਿਆਂ ਅਤੇ ਮਾਨਵੀ ਸੰਵੇਦਨਾ ਦੇ ਡੂੰਘੇ ਆਹਿਸਾਸਾਂ ਤੇ ਮੁਹੱਬਤੀ ਜਜ਼ਬਾਤਾਂ ਦੀ ਨਿਸ਼ਾਨਦੇਈ ਕੀਤੀ ਜਾ ਸਕਦੀ ਹੈ। ਇਹੋ ਇਸ ਕਵਿਤਾ ਦਾ ਹਾਸਿਲ ਹੈ।

**ਭਾਗ -ਅ**

**ਅਤਰ ਸਿੰਘ ਤੇ ਡਾ. ਜਗਤਾਰ ਦੁਆਰਾ ਸੰਪਾਦਿਤ ਪੁਸਤਕ 'ਦੁਖ ਦਰਿਆਓਂ ਪਾਰ ਦੇ' ਵਿੱਚ ਪੇਸ਼ ਸਮਾਜਿਕ ਰਾਜਨੀਤਿਕ ਵਿਸ਼ਿਆਂ/ ਸਰੋਕਾਰਾਂ 'ਤੇ ਵਿਚਾਰ ਕਰੋ। ਜਾਂ**

**'ਦੁੱਖ ਦਰਿਆਓਂ ਪਾਰ ਦੇ' ਕਾਵਿ ਸੰਗ੍ਰਹਿ ਦੇ ਆਧਾਰ 'ਤੇ ਇਸ ਦੇ ਵਿਭਿੰਨ ਪਾਸਾਰਾਂ ਦੀ ਚਰਚਾ ਕਰੋ। ਜਾਂ**

**'ਦੁੱਖ ਦਰਿਆਓਂ ਪਾਰ ਦੇ' ਕਾਵਿ ਸੰਗ੍ਰਹਿ ਦੇ ਰਾਜਨੀਤਿਕ ਸਮਾਜਿਕ ਪਿਛੋਕੜ ਨੂੰ ਉਲੀਕੋ।**

ਸਾਹਿਤ ਕਿਸੇ ਖਿੱਤੇ ਦੀਆਂ ਸਮਾਜਿਕ, ਰਾਜਸੀ ਅਤੇ ਸਭਿਆਚਾਰਕ ਸਥਿਤੀਆਂ ਨੂੰ ਸਮਝਣ ਲਈ ਬਹੁਤ ਸਹਾਈ ਸਿੱਧ ਹੋ ਸਕਦਾ ਹੈ। ਖਾਸ਼ ਤੌਰ ਤੇ ਜਦੋਂ ਅਸੀ ਕਾਵਿ ਵਿਧਾ ਦਾ ਅਧਿਐਨ ਕਰਦੇ ਹਾਂ ਤਾਂ ਇਸ ਵਿੱਚ ਤਾਂ ਹੋਰ ਵੀ ਡੂੰਘੀ ਤਰ੍ਹਾਂ ਰਾਜਨੀਤਿਕ' ਸਮਾਜਿਕ ਸਥਿਤੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਮਿਲਦਾ ਹੈ। ਇਸੇ ਪ੍ਰਕਾਰ ਜਦੋਂ ਅਸੀਂ ਪਾਕਿਸਤਾਨੀ ਪੰਜਾਬੀ ਕਵਿਤਾ ਨਾਲ ਸਬੰਧਿਤ ਕਾਵਿ ਸੰਗ੍ਰਹਿ ਵਿੱਚ ਸ਼ਾਮਿਲ ਕਵਿਤਾਵਾਂ ਦਾ ਅਧਿਐਨ ਕਰਦੇ ਹਾਂ ਤਾਂ ਇਸ ਦੀਆਂ ਬਹੁਤ ਸਾਰੀਆਂ ਰਚਨਾਵਾਂ ਵਿੱਚ ਇਸ ਤਰ੍ਹਾਂ ਦੀ ਰਾਜਸੀ ਸਮਾਜਿਕ ਚੇਤਨਾ ਦਾ ਵਰਣਨ ਮਿਲਦਾ ਹੈ। ਪਾਕਿਸਤਾਨੀ ਪੰਜਾਬ ਦੀਆਂ ਸਮਾਜਿਕ ਤੇ ਰਾਜਨੀਤਿਕ ਸਥਿਤੀਆਂ ਨੇ ਇਥੋਂ ਦੇ ਪੰਜਾਬੀ ਕਵੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਇਹ ਪ੍ਰਭਾਵ ਸਪਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ।

4.1 **ਸਮਾਜਕ ਸਰੋਕਾਰ**:

ਪਾਕਿਸਤਾਨੀ ਪੰਜਾਬੀ ਕਵੀਆਂ ਦੀ ਕਵਿਤਾ ਵਿੱਚ ਸਮਾਜਿਕ ਸਰੋਕਾਰਾਂ ਦੀ ਪੇਸ਼ਕਾਰੀ ਬਹੁਤ ਹੀ ਯਥਾਰਥਕ ਰੂਪ ਵਿੱਚ ਹੋਈ ਹੈ। ਸਾਹਿਤਕਾਰ/ਕਵੀ ਦੀ ਇਹ ਵੱਡੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਆਪਣੇ ਆਲੇ ਦੁਆਲੇ ਵਿੱਚ ਸਮਾਜਿਕ ਸਰੋਕਾਰਾਂ ਉਪਰ ਮਹੀਨ ਦ੍ਰਿਸ਼ਟ ਰੱਖਣ ਅਤੇ ਲੋਕਾਂ ਵਿੱਚ ਸਮਾਜਿਕ ਚੇਤਨਾ ਪੈਦਾ ਕਰਨ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ। ਹਰ ਇਕ ਸਮਾਜਿਕ ਸੰਰਚਨਾ ਨੂੰ ਦੋ ਵਰਗਾਂ ਵਿੱਚ ਵਿਭਾਜਤ ਕੀਤਾ ਜਾ ਸਕਦਾ ਹੈ - ਇਕ ਪੂੰਜੀਪਤੀ ਤੇ ਦੂਜਾ ਮਜ਼ਦੂਰ ਵਰਗ। ਇਨ੍ਹਾਂ ਦੋਵਾਂ ਵਰਗਾਂ ਦਾ ਵਰਣਨ ਪਾਕਿਸਤਾਨੀ ਪੰਜਾਬੀ ਕਵੀਆਂ ਨੇ ਆਪਣੀਆ ਕਵਿਤਾਵਾਂ/ਸ਼ਾਇਰੀ ਵਿਚ ਕੀਤਾ ਹੈ।

ਹਥਲੇ ਕਾਵਿ ਸੰਗ੍ਰਹਿ ਵਿੱਚ ਪਾਕਿਸਤਾਨੀ ਪੰਜਾਬੀ ਕਵੀਆਂ ਦੀਆਂ ਚੋਣਵੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਕਾਵਿ ਸੰਗ੍ਰਹਿ ਦਾ ਨਾਮ ਕਰਨ ਵੀ ਇਸ ਦੇ ਸੰਪਾਦਕਾਂ ਨੇ ਇਸ ਕਾਵਿ ਸੰਗ੍ਰਹਿ ਵਿਚਲੀਆਂ ਰਚਨਾਵਾਂ ਦੇ ਭਾਵਬੋਧ ਦੇ ਅਨੁਸਾਰ ਹੀ 'ਦੁੱਖ ਦਰਿਆਓਂ ਪਾਰ ਦੇ ਰੱਖਿਆ ਹੈ। ਇਸਦੇ ਵਿਸ਼ੇ ਸੱਚ ਮੁੱਚ ਹੀ ਪੰਜ ਦਰਿਆਵਾਂ ਦੀ ਧਰਤੀ ਦੇ ਦੁੱਖਾਂ ਸੁੱਖਾਂ ਦੀ ਬਾਤ ਪਾਉਂਦੇ ਹਨ। ਪੰਜਾਬ ਇਕ ਖੇਤੀ ਪ੍ਰਧਾਨ ਖਿੱਤਾ ਹੈ। ਜੀਵਨ ਦਾ ਗੁਜ਼ਾਰਾ ਖੇਤੀ ਤੇ ਨਿਰਭਰ ਹੈ। 'ਦੁੱਖ ਦਰਿਆਓਂ ਪਾਰ ਦੇ' ਕਾਵਿ ਸੰਗ੍ਰਹਿ ਵਿਚ ਅਫ਼ਜ਼ਲ ਪਰਵੇਜ਼ ਦੀ ਨਜ਼ਮ 'ਇਸ਼ਕ ਬਨੇਰੇ' ਵਿਚ

ਮੁਜ਼ਾਰਿਆਂ ਦੀ ਇਕ ਔਰਤ ਦੇ ਮੂੰਹੋਂ ਨਿਕਲੀ ਵੰਗਾਰ ਸਾਰੇ ਕਿਸਾਨੀ ਸਮਾਜ ਦੀ ਅਵਾਜ਼ ਅਨੁਭਵ ਹੁੰਦੀ ਹੈ, ਜਦ ਉਹ ਆਪਣੇ ਭਾਵ ਪ੍ਰਗਟ ਕਰਦੀ ਹੈ:-

ਤੂੰ ਕੀ ਸਮਝਨਾਂ ਏਂ

ਮੁਜ਼ਾਰਿਆਂ ਦੀ ਇੱਜ਼ਤ

ਰੱਖ ਵਾਲੇ ਰੁੱਖਾਂ ਵਾਂਗੂ ਤੇਰਾ ਮਾਲ ਏ?

ਤੇ ਸਾਡੀ ਹਰ ਸ਼ੈ ਤੇਰੇ ਵਾਸਤੇ ਹਲਾਲ ਏ?

ਵੇ ਚੰਦਰਿਆ ਬੇਗੈਰਤਾ

ਉਹ ਦਿਨ ਲੱਦ ਗਏ

ਜਦੋਂ ਤੇਰੇ ਵਡੇਰਿਆਂ ਨੇ

ਸਾਡਿਆਂ ਵਡੇਰਿਆਂ ਨੂੰ

ਦਮ ਦਮ ਹੋਲਿਆ।

(ਦੁਖ ਦਰਿਆਓ ਪਾਰ ਦੇ, ਸੰਪਾ. ਅਤਰ ਸਿੰਘ ਤੇ ਜਗਤਾਰ)

ਪਾਕਿਸਤਾਨੀ ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀ ਹੈ। ਜ਼ਮੀਨ ਅਤੇ ਜ਼ਮੀਨ ਨਾਲ ਜੁੜਿਆ ਹੋਇਆ ਅਨੁਭਵ ਪਾਕਿਸਤਾਨੀ ਪੰਜਾਬੀ ਕਵਿਤਾ ਵਿੱਚ ਡੂੰਘੀ ਤਰ੍ਹਾਂ ਚਿਤਰਿਆ ਗਿਆ ਹੈ। ਕਿਸਾਨੀ ਜੀਵਨ, ਕਿਸਾਨੀ ਸੰਕਟ ਅਤੇ ਜ਼ਮੀਨ ਨਾਲ ਜੁੜੇ ਹੋਏ ਸਰੋਕਾਰ ਬਹੁਤ ਸਾਰੇ ਕਵੀਆਂ ਦੀ ਰਚਨਾ ਵਿੱਚ ਪੇਸ਼ ਹੋਏ ਹਨ। ਅਫ਼ਜ਼ਲ ਅਹਿਸਨ ਰੰਧਾਵਾ ਭਾਵੇਂ ਇਕ ਕਹਾਣੀਕਾਰ ਦੇ ਤੌਰ ਤੇ ਪ੍ਰਸਿੱਧ ਹੈ ਪਰ ਉਸ ਨੇ ਆਪਣੀ ਕਵਿਤਾ ਰਾਹੀਂ ਸਾਮਰਾਜਵਾਦ ਦਾ ਵਿਰੋਧ ਅਤੇ ਮਿਹਨਤੀ ਲੋਕਾਂ ਦੇ ਹੱਕ ਵਿੱਚ ਆਵਾਜ ਬੁਲੰਦ ਕੀਤੀ ਹੈ:

ਦੁਨੀਆਂ ਭਰ ਦੇ ਮਿਹਨਤਕਸ਼ ਨੇ ਕੱਠੇ

ਦਿਲਾਂ ਦੇ ਵਿਚ ਇਕ ਲਾਵਾ ਉਬਲੇ

ਉਬਲੇ, ਕੋਈ ਆਖੇ

'ਮਿਹਨਤ ਵੱਡੀ',

ਚਾਰ ਚੁਫੇਰੇ ਸੂਹੇ ਝੰਡੇ

ਚਾਰ ਚੁਫੇਰੇ ਸੂਹੇ ਚਿਹਰੇ

ਚਾਰ ਚੁਫੇਰੇ ਹੱਸਦੇ

ਚਿਹਰੇ ਮਿਹਨਤ ਵਾਲੇ।

ਮੁਨੀਰ ਅਨਸਾਰੀ ਇਕ ਹੋਰ ਪਾਕਿਸਤਾਨੀ ਪੰਜਾਬੀ ਸ਼ਾਇਰ ਹੈ ਜਿਸ ਦੀਆਂ ਗ਼ਜ਼ਲਾਂ ਵਿੱਚ ਸਮਾਜਿਕ ਸਰੋਕਾਰਾਂ ਅਤੇ ਸਮਾਜਵਾਦੀ ਚੇਤਨਾ ਦੀ ਕਨਸੋਅ ਆਉਂਦੀ ਹੈ। ਉਸਨੇ ਸਧਾਰਣ ਮਨੁੱਖ ਦੀ ਜ਼ਿੰਦਗੀ ਦੇ ਮਾੜੇ ਹਾਲਾਤ ਲਈ ਸਰਕਾਰਾਂ ਅਤੇ ਸੱਤਾਵਾਨ ਧਿਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਆਪਣੀ ਸੂਲੀ ਆਪੇ ਚੁੱਕਣੀ ਪੈਂਦੀ ਕਿਉਂ,

ਜੇ ਸਰਕਾਰਾਂ ਦਿਲ ਦਾ ਹਾਲ ਪਛਾਣ ਦੀਆਂ।

ਸਾਡੇ ਵਰਗੇ ਲੱਖਾਂ ਬੰਦੇ ਹਾਲੇ ਵੀ,

ਬੈਠ ਰੜੇ 'ਤੇ ਗੱਲਾਂ ਕਰਨ ਮਕਾਨ ਦੀਆਂ।

ਪਾਕਿਸਤਾਨੀ ਪੰਜਾਬ ਦਾ ਸਮੁੱਚਾ ਢਾਂਚਾ ਖੇਤੀ ਆਰਥਿਕਤਾ ਵਾਲਾ ਹੈ। ਇਸ ਆਰਥਿਕ ਪ੍ਰਬੰਧ ਦੀ ਵਿਉਂਤਬੰਦੀ ਵਿੱਚ ਆਸਾਵਾਂਪਨ ਨਜ਼ਰੀ ਪੈਦਾ ਹੈ। ਇਸ ਪ੍ਰਬੰਧਕਾਰੀ ਵਿੱਚ ਕਿਸਾਨ ਅਤੇ ਜਾਗੀਰਦਾਰ ਦੋਹੇਂ ਹੀ ਮਹੱਤਵਪੂਰਣ ਧਿਰਾਂ ਹਨ।

ਡਾ. ਗੁਰਦੇਵ ਸਿੰਘ ਦੇ ਵਿਚਾਰ ਇਸ ਸੰਬੰਧੀ ਮਹੱਤਵਪੂਰਨ ਅਤੇ ਤਰਕਸੰਗਤ ਜਾਪਦੇ ਹਨ। ਉਨ੍ਹਾਂ ਦੇ ਅਨੁਸਾਰ, ‘ਪਾਕਿਸਤਾਨੀ ਪੰਜਾਬੀ ਕਵਿਤਾ ਵਿਚ ਦੋ ਵਿਸ਼ੇਸ਼ ਜਮਾਤਾਂ ਦੇ ਕਿਰਦਾਰ ਨੂੰ ਮੂਰਤੀਮਾਨ ਕੀਤਾ ਗਿਆ ਮਿਲਦਾ ਹੈ। ਇਕ ਜਮਾਤ ਮੁਜ਼ਾਰਿਆਂ ਤੇ ਸ਼ੋਸ਼ਿਤ ਹੋ ਰਹੇ ਲੋਕਾਂ ਨੂੰ ਲੁੱਟਣ ਵਾਲਿਆਂ ਦੀ ਹੈ ਅਤੇ ਦੂਜੀ ਲੁੱਟੇ ਜਾਣ ਵਾਲੇ ਲੋਕਾਂ ਦੀ ਹੈ।’ ਪਾਕਿਸਤਾਨੀ ਪੰਜਾਬੀ ਕਵੀਆਂ ਨੇ ਇਸ ਆਮ ਕਿਸਾਨੀ ਨਾਲ ਜੁੜੇ ਹੋਏ ਲੋਕਾਂ ਦੀਆਂ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਦੁਸ਼ਵਾਰੀਆ ਬਾਰੇ ਸ਼ਿੱਦਤ ਨਾਲ ਲਿਖਿਆ ਹੈ। ਇਹੀ ਨਹੀਂ ਕੁਦਰਤੀ ਅਫਤਾਂ ਦੇ ਕਿਸਾਨਾਂ ਉਪਰ ਪੈਣ ਵਾਲੇ ਪ੍ਰਵਾਵ ਨੂੰ ਵੀ ਕਵਿਤਾਵਾਂ ਵਿੱਚ ਚਿਤਰਿਆ ਗਿਆ ਹੈ:

ਕੀ ਦੱਸਾਂ ਮੈਂ ਕੀ ਕਰ ਗਈਆਂ,

ਕਾਗਾਂ ਨਾਲ ਅਸਾਡੇ

ਡੁਲ੍ਹ ਡੁਲ੍ਹ ਪੈਂਦੇ ਅੱਖੀਆਂ ਦੇ ਇਹ,

ਦੋਵੇਂ ਖਾਲ ਅਸਾਡੇ

ਗ਼ਮਾਂ ਦੀ ਸਾਉਣੀ ਚੰਗੀ ਢੁੱਕੀ,

ਮੁੱਕੇ ਕਾਲ ਅਸਾਡੇ

ਭਾਹ ਪਈ ਉਹ ਡੰਗ ਗਮਾਂ ਦੀ,

ਤੇਜ ਕਮਾਲ ਅਸਾਡੇ

ਡਿੱਗਦੇ ਪਏ ਜਿਨ੍ਹਾਂ ਨੇ ਪੀਤੇ,

ਹੈਨ ਹੰਗਾਲ ਅਸਾਡੇ (ਸ਼ਰੀਫ ਕੁੰਜਾਹੀ)

ਜਾਂ

ਰਾਹਕਾਂ ਘਰ ਤੇ ਫੱਕਾ ਦਾਣੇ ਪੁਜਦੇ ਨਹੀਂ,

ਹਰੀਆਂ ਭਰੀਆਂ ਫਸਲਾਂ ਚਾਰ ਚੁਫ਼ੇਰੇ ਨੇ।

(ਇਬਾਦ ਨਬੀਲ)

4.2 **ਲੋਕ ਚੇਤਨਾ**: ਸਮਾਜਿਕ ਸਰੋਕਾਰਾਂ ਦੀ ਗੱਲ ਕਰਨ ਵਾਲੇ ਚੇਤਨ ਕਵੀਆਂ ਨੇ ਲੋਕ ਚੇਤਨਾ ਪੈਦਾ ਕਰਨ ਵਿੱਚ ਅਹਿਮ ਰੋਲ ਨਿਭਾਇਆ ਹੈ। ਇਹਨਾਂ ਕਵੀਆਂ ਨੇ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦੀ ਯਥਾਰਥਕ ਵਿਆਖਿਆ ਕਰਕੇ ਅੱਜ ਸ਼ੋਸ਼ਿਤ ਸਮਾਜ ਨੂੰ ਗਿਆਨ ਪ੍ਰਦਾਨ ਕਰ ਦਿੱਤਾ ਹੈ। ਇਸਦੇ ਹੱਥ ਵਿਚ ਲਟ-ਗਟ ਬਲਦੀ ਉਹ ਮਸਾਲ ਫੜਾ ਦਿੱਤੀ ਹੈ ਜਿਸਦੇ ਚਾਨਣ ਵਿਚ ਕਾਮਿਆਂ ਤੇ ਗ੍ਰਾਹਕਾਂ ਦੀ ਪੱਤ ਸੋਸ਼ਕ ਲੋਕਾਂ ਦੀ ਪੱਗ ਨਾਲੋਂ ਜ਼ਿਆਦਾ ਚਿੱਟੀ ਹੈ ਉੱਚੀ ਦਿਖਾਈ ਦੇ ਰਹੀ ਹੈ। ਅਮਜ਼ਦ ਅਲੀ ਇਕ ਪ੍ਰਗਤੀਵਾਦੀ ਕਵੀ ਹੈ। ਉਨ੍ਹਾਂ ਨੇ ਰੂਸੋ ਅਤੇ ਐਰਿਕ ਫਰੌਮ ਦਾ ਉਰਦੂ ਅਨੁਵਾਦ ਵੀ ਕੀਤਾ ਹੈ। ਜੰਗ ਦਾ ਵਿਰੋਧ, ਦਹਿਸ਼ਤਗਰਦੀ ਦਾ ਵਿਰੋਧ, ਗ਼ਰੀਬ ਮਜ਼ਦੂਰਾਂ ਕਿਸਾਨਾਂ ਦੇ ਪੱਖ ਵਿਚ ਉਸਨੇ ਭਰਵੀਂ ਆਵਾਜ਼ ਉਠਾਈ ਹੈ। ਇਕ ਤਰ੍ਹਾਂ ਨਾਲ ਉਹ ਪੰਜਾਬੀ ਦੇ ਪ੍ਰਗਤੀਵਾਦੀ ਕਵੀਆਂ ਦੇ ਸਮਾਨਾਂਤਰ ਰੱਖੇ ਜਾ ਸਕਦੇ ਹਨ।

ਕਾਵਿ-ਨਮੂਨਾ:

ਰਿਜ਼ਕ ਹਲਾਲ ਦਾ ਖਾਵਣ ਵਾਲਾ ਮੂੰਹ ਹੁੰਦਾ ਹੈ ਹੋਰ

ਜਿਸ ਦੇ ਮੁੱਖ ਤੇ ਦਿਸਦੀ ਲਾਲੀ, ਉਹੀ ਪੱਕਾ ਚੋਰ

ਜਿਸ ਨੇ ਮਹਿਲ ਮੁਨਾਰੇ ਹੋਵਣ ਪੱਥਰਾਂ ਨਾਲ ਬਣਾਏ

ਇਨਸਾਨਾਂ ਨੂੰ ਦਿੰਦਾ ਹੈ, ਅੰਦਰੋ ਅੰਦਰੀ ਖੋਰ।

ਇਸੇ ਤਰ੍ਹਾਂ ਪਾਕਿਸਤਾਨ ਦਾ ਇਕ ਬਹੁਤ ਮਸ਼ਹੂਰ ਪੰਜਾਬੀ ਸ਼ਾਇਰ ਬਾਬਾ ਨਜ਼ਮੀ ਲਿਖਦਾ ਹੈ:

(ੳ) ਮਸਜਦ ਮੇਰੀ ਤੂੰ ਕਿਉਂ ਢਾਵੇਂ ਮੈਂ ਕਿਉਂ ਤੋੜਾਂ ਮੰਦਰ ਨੂੰ ।

ਆ ਜਾ ਦੋਵੇਂ ਬਹਿ ਕੇ ਪੜ੍ਹੀਏ ਇੱਕ ਦੂਜੇ ਦੇ ਅੰਦਰ ਨੂੰ ।

ਇੱਧਰ ਗੱਭਰੂ ਲਾਸ਼ਾਂ ਡਿੱਗੀਆਂ ਸੀਨੇ ਪਾਟੇ ਮਾਵਾਂ ਦੇ

(ਅ) ਉੱਧਰ ਠੀਕ ਨਿਸ਼ਾਨੇ ਬਦਲੇ ਲਗਦੇ ਤਗਮੇ ਬਿੱਲੇ ਰਹੇ।

ਮੈਂ ਵੀ ਧੀ ਸੀ ਡੋਲੇ ਪਾਉਣੀ ਸੂਹਾ ਜੋੜਾ ਲੈਣ ਗਿਆ,

ਵੇਖ ਕੇ ਮੇਰੀ ਹਾਲਤ ਵੱਲੇ ਹੱਸਦੇ ਗੋਟੇ ਤਿੱਲੇ ਰਹੇ। ਇੱਕ ਦਿਹਾੜੇ ਬੱਦਲ ਵੱਸਿਆ, ਜਸ਼ਨ ਮਨਾਇਆ ਚੌਧਰੀਆਂ,

ਝੁੱਗੀਆਂ ਦੇ ਫਿਰ ਕਈ ਦਿਹਾੜੇ ਬਾਲਣ ਚੁਲ੍ਹੇ ਸਿਲ੍ਹੇ ਰਹੇ।

ਇਸ ਸਮਾਜਿਕ ਚੇਤਨਾ ਦੀ ਸ਼ਾਇਰੀ ਨਾਲ ਇਕ ਪੜ੍ਹੀ ਲਿਖੀ ਔਰਤ ਜਾਗ ਪਈ ਹੈ। ਹੁਣ ਇਹ ਚੇਤਨ ਔਰਤ ਜਨ-ਸਮੂਹ ਦੀ ਆਵਾਜ਼ ਬਣ ਕੇ ਆਖਦੀ ਹੈ:

ਮੇਰਾ ਮਾਹੀ

ਮੇਰੇ ਵੀਰ, ਮੇਰਾ ਬਾਬਲ

ਮੇਰੇ ਚਾਚੇ, ਮੇਰੇ ਮਾਮੇ

ਏਥੇ ਤਣੇ ਹੋਏ ਡੋਲਿਆਂ ਦੀ ਛਾਂ ਕਰ ਦੇਣਗੇ।

ਏਥੇ ਬਰਛੀਆਂ ਤੇ ਡਾਂਗਾਂ ਦੇ ਸਰੂਟ ਉੱਗ ਪੈਣਗੇ।

ਮੇਰਾ ਮਾਹੀ ਈ, ਖੜੱਪੇ ਜਹੀ ਸਿਰੀ ਚਿੱਥ ਦੇਵੇਗਾ।

4.3 **ਆਰਥਿਕ ਸਮਾਜਿਕ ਨਾਬਰਾਬਰੀ**: ਸਮਾਜਕ ਜ਼ਿੰਦਗੀ ਵਿਚ ਰਹਿੰਦੇ ਹੋਏ ਸਾਧਾਰਨ ਮਨੁੱਖ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਾਕਿਸਤਾਨੀ ਪੰਜਾਬੀ ਸ਼ਾਇਰਾਂ ਨੇ ਸਾਧਾਰਨ ਮਨੁੱਖ ਦੇ ਸੰਘਰਸ਼

ਅਤੇ ਉਸਦੀਆਂ ਔਕੜਾਂ ਨੂੰ ਵੀ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ। ,ਦੁਖ ਦਰਿਆਓ ਪਾਰ ਦੇ' ਕਾਵਿ ਸੰਗ੍ਰਹਿ ਵਿਚ ਮੁਨੀਰ ਨਿਆਜ਼ੀ ਦੀਆਂ ਲਿਖੀਆਂ ਇਨ੍ਹਾਂ ਕਾਵਿ ਸਤਰਾਂ ਵਿਚੋਂ ਇਹ ਯਥਾਰਥਕ ਹਵਾਲੇ ਦੇਖੇ ਜਾ ਸਕਦੇ ਹਨ:

ਦੁਨੀਆਂ ਦੇ ਵਿਚ ਰਹਿਣ ਲਈ ਵੀ,

ਕੀ ਕੁਝ ਕਰਨਾ ਪੈਂਦਾ ਏ।

ਆਪਣੇ ਈ ਲਹੂ ਦੀਆਂ ਲਹਿਰਾਂ ਅੰਦਰ

ਆਪੇ ਈ ਤਰਨਾ ਪੈਂਦਾ ਏ।

ਰਾਤਾਂ ਨੂੰ ਬੂਹੇ ਖੜਕਾਂਦੀ

'ਵਾ ਤੇ ਨਵੀਂ ਕਬਰ ਤੇ,

ਹਉਕਾ ਭਰਨਾ ਪੈਂਦਾ ਏ।

ਸਮਾਜਿਕ ਚੇਤਨਾ ਦੀ ਜਾਗ ਲਾਉਂਦਿਆਂ ਪਾਕਿਸਤਾਨੀ ਪੰਜਾਬੀ ਕਵੀਆਂ ਨੇ ਜ਼ਿੰਦਗੀ ਦੇ ਹਰ ਛੋਟੇ ਤੋਂ ਛੋਟੇ ਮਸਲੇ ਨੂੰ ਵੀ ਕਵਿਤਾ ਰਾਹੀਂ ਉਠਾਇਆ ਹੈ। ਉਹਨਾਂ ਨੇ ਅਜਿਹੀ ਸ਼ਾਇਰੀ ਵਿੱਚ ਸਰਕਾਰਾਂ ਦੀ ਕਾਰਗੁਜ਼ਾਰੀ ਉਪਰ ਤਿੱਖੇ ਵਿਅੰਗ ਕੀਤੇ ਹਨ। ਉਦਾਹਰਣ ਵਜੋਂ ਅੱਜਕਲ੍ਹ ਸਾਡੇ ਸਮਾਜ ਵਿਚ ਬਿਜਲੀ ਦੀ ਸਮੱਸਿਆ ਆਮ ਬਣ ਗਈ ਹੈ। ਬਿਜਲੀ ਕਿਉਂਕਿ ਵਿਅਕਤੀ ਦੇ ਜੀਵਨ ਦਾ ਅਹਿਮ ਹਿੱਸਾ ਬਣ ਗਈ ਹੈ ਇਸ ਲਈ ਬਿਜਲੀ ਦੇ ਬਿਨਾ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪ੍ਰਸਿੱਧ ਪਾਕਿਸਤਾਨੀ ਕਵੀ ਫਖ਼ਰ ਜ਼ਮਾਨ ਦੀ ਕਵਿਤਾ 'ਚਿਰ ਦਾ ਸਿੱਟਾ' ਵਿਚ ਬਿਜਲੀ ਦੀ ਸਮੱਸਿਆ ਨੂੰ ਉਠਾਇਆ ਗਿਆ ਹੈ। ਕਈ ਅਲੋਚਕ ਫ਼ਖ਼ਰ ਜ਼ਮਾਨ ਨੂੰ ਪ੍ਰਗਤੀਵਾਦੀ ਕਵੀਆਂ ਦੀ ਸ਼੍ਰੇਣੀ ਵਿਚ ਨਹੀਂ ਗਿਣਦੇ। ਡਾ. ਵਿਲਖ ਅਨੁਸਾਰ ਪਾਕਿਸਤਾਨੀ ਕਵੀਆਂ ਵਿਚ ਫਖਰ ਜ਼ਮਾਨ ਦੀ ਬਹੁਤ ਚਰਚਾ ਹੈ। ਫਖਰ ਜ਼ਮਾਨ`ਤੇ ਇਹ ਦੋਸ਼ ਵੀ ਲਾਇਆ ਜਾਂਦਾ ਹੈ ਕਿ ਉਹ ਮੱਧ ਵਰਗੀ ਸਮਾਜ ਦੀ ਪੈਦਾਇਸ਼ ਹੈ ਅਤੇ ਉਹ ਗ਼ਰੀਬਾਂ ਨਾਲ ਕੇਵਲ ਸ਼ਾਬਦਿਕ (ਲਫਜ਼ੀ) ਹਮਦਰਦੀ ਜਤਲਾਉਂਦਾ ਹੈ। ਨਾ ਤੇ ਉਸ ਨੂੰ ਉਨਾਂ ਦੀਆਂ ਸਮੱਸਿਆਵਾਂ ਦਾ ਕੋਈ ਨਿੱਜੀ ਅਨੁਭਵ ਹੈ ਅਤੇ ਨਾ ਉਸਨੇ ਉਨਾਂ ਦੀ ਪੀੜ ਨੂੰ ਨੇੜੇ ਹੋ ਕੇ ਵੇਖਿਆ ਹੈ। ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਉਹ ਲਾਹੌਰ ਦੇ ਗੁਲਬਰਗੀਏ ਸਮਾਜ ਦਾ ਹਿੱਸਾ ਹੈ ਅਤੇ ਜੇ ਉਸਨੇ ਉੱਚ ਮੱਧ ਸ਼੍ਰੇਣੀ ਦੇ ਮਾਮਲਿਆਂ ਬਾਰੇ ਜ਼ਿਆਦਾ ਲਿਖਿਆ ਹੈ ਤਾਂ ਇਹ ਉਸ ਦੇ ਨਿੱਜੀ ਅਨੁਭਵ ਦੇ ਅਮਲ ਦਾ ਨਤੀਜਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਉਸਨੇ ਹੇਠਲੇ ਵਰਗ ਦੀਆਂ ਕਠਿਨਾਈਆਂ ਨੂੰ ਬਰਦਾਸਤ ਕਰਕੇ ਨਹੀਂ ਵੇਖਿਆ ਅਤੇ ਇਨ੍ਹਾਂ ਕਠਿਨਾਈਆਂ 'ਤੇ ਉਸਨੇ ਆਪਣੀ ਅਨੁਭਵ ਵਿਚੋਂ ਹੀ ਦੇਖਿਆ ਹੈ। ਪਰ ਇਹ ਵੀ ਸੱਚ ਹੈ ਕਿ ਉਹ ਵਾਰ ਵਾਰ ਆਪਣੀ ਕਵਿਤਾ ਵਿੱਚ ਸਥਾਪਿਤ ਧਿਰਾਂ ਦੀ ਨਿੰਦਿਆ ਕਰਦਾ ਹੈ ਅਤੇ ਦਬਾ ਕੇ ਰੱਖਣ ਵਾਲੀਆਂ ਧਿਰਾਂ ਵਿਰੁੱਧ ਬਗ਼ਾਵਤ ਦਾ ਐਲਾਨ ਵੀ ਕਰਦਾ ਹੈ:

ਸਾਰੇ ਰਸਤੇ ਬੰਦ ਕਰ ਦੇਵੋ

ਬਾਰੀਆਂ ਬੂਹੇ ਰੋਸ਼ਨਦਾਨ

ਇਹਨੂੰ ਪਲ ਲਈ ਬਹਿਣ ਨ ਦੇਵੋ

ਆਪੇ ਹਫ਼ ਕੇ ਡਿੱਗ ਪਵੇਗੀ।

(ਡਰਾਇੰਗ ਰੂਮ ਵਿੱਚ ਚਿੜੀ)

**4.4 ਵਰਗ ਸੰਘਰਸ਼ ਪ੍ਰਤੀ ਚੇਤਨਾ**: ਹਰ ਸਮਾਜਕ ਬਣਤਰ ਵਿਚ ਮੁੱਖ ਰੂਪ ਵਿੱਚ ਦੋ ਵਰਗ ਮਿਲਦੇ ਹਨ- ਪੂੰਜੀਪਤੀ ਤੇ ਮਜ਼ਦੂਰ ਵਰਗ। ਪੂੰਜੀਪਤੀ ਵਰਗ ਕੋਲ ਉਤਪਾਦਨ ਦੇ ਸਾਧਨਾਂ ਦੀ ਮਾਲਕੀ ਹੁੰਦੀ ਹੈ। ਇਹ ਵਰਗ ਹਰ ਜਗ੍ਹਾ ਆਪਣਾ ਲਾਭ ਹੀ ਵੇਖਦਾ ਹੈ। ਆਪਣੇ ਅਸਾਸਿਆਂ ਨੂੰ ਵਧਾਉਣ ਲਈ ਉਹ ਮਜ਼ਦੂਰ ਵਰਗ ਦਾ ਬਹੁਤ ਸ਼ੋਸ਼ਣ ਕਰਦਾ ਹੈ। ਇਸ ਤਰ੍ਹਾਂ ਜੇਕਰ ਇਹ ਕਿਹਾ ਜਾਵੇ ਕਿ ਸਮਾਜ ਵਿਚ ਸੋਸ਼ਕ ਅਤੇ ਸੋਸ਼ਿਤ ਦੋਵੇਂ ਵਰਗ ਵਜੂਦ ਵਿਚ ਹਨ ਤਾਂ ਗ਼ਲਤ ਨਹੀਂ ਹੋਵੇਗਾ । ਸਮਾਜ ਵਿਚ ਇਨ੍ਹਾਂ ਦੋਵਾਂ ਵਰਗਾ ਵਿਚ ਆਪਸੀ ਸੰਘਰਸ਼ ਹਮੇਸ਼ਾ ਚਲਦਾ ਰਹਿੰਦਾ ਹੈ। ਕਾਵਿ-ਸੰਗ੍ਰਹਿ 'ਦੁਖ ਦਰਿਆਓ ਪਾਰ ਦੇ' ਵਿਚ ਪਾਕਿਸਤਾਨੀ ਪੰਜਾਬੀ ਕਵੀਆਂ ਨੇ ਆਮ ਲੋਕਾਂ ਵਿੱਚ ਵਰਗ ਸੰਘਰਸ਼ ਦੀ ਚੇਤਨਾ ਜਗਾਉਂਣ ਲਈ ਆਪਣੀਅਂ ਰਚਨਾਵਾਂ ਵਿਚ ਕਈ ਥਾਵੇਂ ਜ਼ਿਕਰ ਕੀਤਾ ਹੈ। ਸਫ਼ੀ ਅਕੀਲ ਨੇ ਆਪਣੀ ਕਵਿਤਾ ਵਿਚ ਸ਼ਕਤੀਸਾਲੀ ਤੇ ਕਮਜ਼ੋਰ ਦਰਮਿਆਨ ਪੈਦਾ ਹੋਣ ਵਾਲੇ ਸੰਘਰਸ਼ ਨੂੰ ਵਿਸ਼ਾ ਬਣਾਇਆ ਹੈ। ਉਹ ਇਕ ਸਥਾਨ ਤੇ ਪ੍ਰਤੀਕਾਂ ਦਾ ਪ੍ਰਯੋਗ ਕਰਦੇ ਹੋਏ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੋਇਆ ਲਿਖਦਾ ਹੈ:

ਸੂਰਜ ਤੋਂ ਡਰਦੇ ਪਰਛਾਵੇਂ

ਚਹਿ ਚਹਿ ਰੂਪ ਬਣਾਉਂਦੇ।

ਕੰਧਾਂ ਓਹਲੇ ਝੁਕ ਝੁਕ ਬਹਿੰਦੇ

ਆਪਣਾ ਆਪ ਬਚਾਉਂਦੇ।

ਅਫ਼ਜ਼ਲ ਅਹਿਸਨ ਰੰਧਾਵਾ ਆਪਣੀ ਕਵਿਤਾ ਵਿੱਚ ਲੋਕ ਸੰਘਰਸ਼ ਦੀ ਗੱਲ ਕਰਦਾ ਕਹਿੰਦਾ ਹੈ:

ਦੁਨੀਆਂ ਭਰ ਦੇ ਮਿਹਨਤਕਸ਼ ਨੇ ਕੱਠੇ

ਦਿਲਾਂ ਦੇ ਵਿਚ ਇਕ ਲਾਵਾ ਉਬਲੇ

ਉਬਲੇ, ਕੋਈ ਆਖੇ 'ਮਿਹਨਤ ਵੱਡੀ',

ਚਾਰ ਚੁਫੇਰੇ ਸੂਹੇ ਝੰਡੇ ਚਾਰ ਚੁਫੇਰੇ

ਸੂਹੇ ਚਿਹਰੇ ਚਾਰ ਚੁਫੇਰੇ

ਹੱਸਦੇ ਚਿਹਰੇ ਮਿਹਨਤ ਵਾਲੇ।

ਪਾਕਿਸਤਾਨੀ ਕਵੀ ਅਫ਼ਜ਼ਲ ਪਰਵੇਜ਼ ਦੀ ਰਚਨਾ 'ਨਵੀਂ ਲੋਕ ਕਹਾਣੀ' ਵਿਚ ਧਾਰਮਿਕ ਪਾਖੰਡਾਂ ਦਾ ਵਿਰੋਧ ਕੀਤਾ ਗਿਆ ਹੈ। ਉਹ ਆਮ ਲੋਕਾਈ ਨੂੰ ਮੁੱਲੇ ਮੁਲਾਣਿਆਂ ਦੀਆਂ ਫਿਰਕੂ ਚਾਲਾਂ ਪਾਖੰਡਾਂ ਤੋਂ ਚੇਤਨ ਕਰਦਾ ਹੈ:

ਤੂੰ ਮੇਰੇ ਜਾਦੂ ਟੂਣੇ ਤੋਂ

ਸਿੱਖ ਲਈ ਏ ਚਤਰਾਈ

ਤੂੰ ਗੱਲ੍ਹਾਂ ਦੀ ਲਾਲੀ ਅੰਦਰ

ਉਹਦੀ ਜਿੰਦ ਛੁਪਾਈ।

ਤੂੰ ਜ਼ੁਲਫ਼ਾਂ ਦੇ ਕੁੰਡਲਾ ਵਿਚ

ਉਹਦੀ ਥਾਂ ਬਣਾਈ।

ਤੇਰੀਆਂ ਚੀਰਵੀਆਂ ਅੱਖੀਆਂ ਵਿਚ

ਯਾ ਉਸ ਜੋਤ ਜਗਾਈ।

4.5 **ਆਧੁਨਿਕ ਤਕਨਾਲੋਜੀ** - ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਪਾਕਿਸਤਾਨੀ ਕਵੀਆਂ ਨੇ ਜ਼ਿੰਦਗੀ ਦੇ ਹਰ ਸ਼ੋਭੇ ਉਪਰ ਕਾਵਿ ਪ੍ਰਵਚਨ ਉਚਾਰਿਆ ਹੈ। ਇਸੇ ਪ੍ਰਸੰਗ ਵਿੱਚ ਕੁਝ ਪਾਕਿਸਤਾਨੀ ਪੰਜਾਬੀ ਕਵੀਆਂ ਨੇ ਆਧੁਨਿਕ ਤਕਨਾਲੋਜੀ ਦੇ ਸਾਧਨਾਂ ਦੀ ਹੋਂਦ ਅਤੇ ਉਹਨਾਂ ਦੀ ਵਰਤੋਂ ਦੇ ਨਫੇ ਨੁਕਸਾਨ ਦਾ ਲੇਖਾ ਜੋਖਾ ਵੀ ਕੀਤਾ ਹੈ। ਉਸ ਸਮੇਂ ਵਿਚ ਪ੍ਰਚਲਿਤ ਸੰਚਾਰ ਦੇ ਸਾਧਨਾਂ ਦਾ ਵਰਣਨ ਕਵੀਆਂ ਨੇ ਆਪਣੀਆਂ ਕਵਿਤਾਵਾਂ ਵਿਚ ਕੀਤਾ ਹੈ। ਟੀ.ਵੀ. ਵਰਗੇ ਸੰਚਾਰ ਸਾਧਨਾਂ ਦੀ ਵਰਤੋਂ ਕਰਦੇ ਹੋਏ ਸਰਵਤ-ਮਹੀ-ਉੱਦੀਨ ਆਪਣੀ ਕਵਿਤਾ ਸਾਮਾਂ ਪਾਈਆਂ' ਵਿਚ ਲਿਖਦੇ ਹਨ:

ਸ਼ਾਮਾਂ ਪਈਆਂ,

ਘਰ ਘਰ ਅੰਦਰ

ਬੱਤੀਆਂ ਬਲੀਆਂ

ਟੀ.ਵੀ. ਚੱਲੇ

'ਵਾਜਾ ਆਈਆਂ

ਖਿੱਲਰੇ ਹਾਸੇ,

ਚਾਰੇ ਪਾਸੇ।

ਇਸ ਤਕਨਾਲੋਜੀ ਦੁਆਰਾ ਮਨੁੱਖ ਨੂੰ ਦੂਸਰੇ ਮਨੁੱਖ ਨਾਲੋਂ ਤੋੜ ਦਿੱਤਾ ਹੈ। ਉਹ ਇਕ ਦੂਸਰੇ ਦੇ ਕੋਲ ਹੋ ਕੇ ਵੀ ਦੂਰ ਹੋ ਗਏ ਹਨ। ਕਵੀ ਨੇ ਦੱਸਿਆ ਹੈ ਕਿ ਸਾਰੇ ਵਿਅਕਤੀ ਇਕ ਕਮਰੇ ਵਿਚ ਇਕੱਠੇ ਬੈਠੇ ਹੋਏ ਚੁੱਪ ਚੁਪੀਤੇ ਟੀ.ਵੀ. ਦੇਖ ਰਹੇ ਹਨ। ਉਹ ਇਕ ਦੂਜੇ ਤੋਂ ਬੇਖ਼ਬਰ ਹਨ। ਅਜਿਹਾ ਲੱਗ ਰਿਹਾ ਸੀ ਕਿ ਉਹ ਅਣਜਾਣ ਹਨ। ਉਨ੍ਹਾਂ ਦੀ ਨਜ਼ਰ ਕੇਵਲ ਟੀ.ਵੀ. ਉੱਤੇ ਟਿਕੀ ਹੋਈ ਹੈ। ਉਹ ਸਾਰੇ ਆਪਣੀਆਂ ਆਪਣੀਆਂ ਸ਼ਾਮਾਂ ਨੂੰ ਇਸ ਤਰ੍ਹਾਂ ਕੱਟ ਰਹੇ ਹਨ-

ਕੱਲਮ ਕੱਲੇ

ਇਕ ਦੂਜੇ ਤੋਂ

ਬੇਖ਼ਬਰੇ ਅਣਜਾਣੇ ਬੰਦੇ ।

ਨਜ਼ਰ ਟਿਕਾ ਕੇ ਟੀ.ਵੀ. ਤੱਕਣ

ਓਪਰੇ ਹੱਸਣ

ਰਲ ਕੇ ਹੱਸਣ

ਆਪਣੀਆਂ ਆਪਣੀਆਂ

ਸਾਮਾਂ ਕੱਟਣ।

4.6 **ਆਰਥਿਕ ਮੰਦਹਾਲੀ** : ਪਾਕਿਸਤਾਨੀ ਪੰਜਾਬ ਆਜ਼ਾਦੀ ਤੋਂ ਪਹਿਲਾਂ ਇਕ ਖੁਸ਼ਹਾਲ ਖਿੱਤਾ ਸੀ। ਮਾੜੇ ਪ੍ਰਸਾਸ਼ਨਿਕ ਪ੍ਰਬੰਧ ਅਤੇ ਰਾਜਸੀ ਅਸਥਿਰਤਾ ਕਾਰਨ ਇਹ ਖਿੱਤਾ ਵੀ ਲਗਾਤਾਰ ਆਰਥਿਕ ਤੌਰ ਤੇ ਪੱਛੜ ਰਿਹਾ ਹੈ। ਪਾਕਿਸਤਾਨ ਵਿਚਲੇ ਪੰਜਾਬ ਦੀ ਸਥਿਤੀ ਬਾਰੇ ਵਰਣਨ ਕਰਦਾ ਹੋਇਆ ਇਕ ਆਲੋਚਕ ਕਹਿੰਦਾ ਹੈ ਕਿ ਕਈ ਵਾਰ ਅਣਚਾਹੀਆਂ ਅਣਹੋਣੀਆਂ ਵਿੱਚ ਸੈਂਕੜੇ ਨਹੀਂ ਹਜ਼ਾਰਾਂ ਵਿਚ ਲੋਕ ਭੁੱਖ ਨਾਲ ਮਰੇ ਗਏ ਹਨ। ਅਣਕਿਆਸੀਆਂ ਲੜਾਈਆਂ, ਫਿਰਕੂ ਪਸਾਦਾਂ, ਜੰਗਾਂ ਅਤੇ ਕੁਦਰਤੀ ਕਰੋਪੀਆਂ ਕਾਰਨ ਇਥੋਂ ਦੇ ਲੋਕਾਂ ਦੀ ਆਰਥਿਕ ਸਥਿਤੀ ਮੰਦਹਾਲੀ ਅਤੇ ਭੁਖਮਰੀ ਵਾਲੀ ਹੋ ਜਾਂਦੀ ਹੈ। ਆਸੀ ਰਿਜਵੀ ਇਸ ਬੁਨਿਆਦੀ ਸਮੱਸਿਆ ਨੂੰ, ਪੰਛੀਆਂ ਦੀ ਟੋਲੀ ਨੂੰ ਪ੍ਰਤੀਕ ਬਣਾ ਕੇ ਪੇਸ਼ ਕਰਦਾ ਹੈ:

ਰੁੱਖਾਂ ਉੱਤੇ ਬੈਠੀ ਹੋਈ

ਪੰਛੀਆਂ ਦੀ ਇਕ ਟੋਲੀ

ਜਾਲ ਤੇ ਛਾਹੀਆਂ ਦੇਸ਼ ਇਨਾਂ ਦਾ

ਭੁੱਖ ਇਨ੍ਹਾਂ ਦੀ ਬੋਲੀ

ਭੁੱਖ ਵੀ ਕਦੇ ਨਾ ਮੁੱਕਣ ਵਾਲੀ

ਜਿਉਂ ਮੰਗਤੇ ਦੀ ਝੋਲੀ

ਇਸ ਸਥਿਤੀ ਬਾਰੇ ਮੁਨੀਰ ਅਸਰੀ ਕਹਿੰਦਾ ਹੈ:

ਅਪਣੀ ਸੂਲੀ ਆਪੇ ਚੁੱਕਣੀ ਪੈਂਦੀ ਕਿਉਂ,

ਜੇ ਸਰਕਾਰਾਂ ਦਿਲ ਦਾ ਹਾਲ ਪਛਾਣ ਦੀਆਂ।

ਸਾਡੇ ਵਰਗੇ ਲੱਖਾਂ ਬੰਦੇ ਹਾਲੇ ਵੀ,

ਬੈਠ ਰੜੇ 'ਤੇ ਗੱਲਾਂ ਕਰਨ ਮਕਾਨ ਦੀਆਂ।

4.7 **ਕਿਸਾਨ ਦੇ ਜੀਵਨ ਦੀ ਝਲਕ** : ਦੁੱਖ ਦਰਿਆਓ ਪਾਰ ਦੇ` ਕਾਵਿ ਸੰਗ੍ਰਹਿ ਵਿਚ ਕਿਸਾਨਾਂ ਦੇ ਜੀਵਨ ਯਥਾਰਥ ਸਬੰਧੀ ਕਈ ਕਵੀਆਂ ਨੇ ਬਹੁਤ ਹੀ ਭਾਵਪੂਰਤ ਵਰਣਨ ਕੀਤਾ ਹੈ। ਪੰਜਾਬ ਕਿਉਂਕਿ ਖੇਤੀ ਪ੍ਰਧਾਨ ਖਿੱਤਾ ਹੈ। ਇਸ ਪੰਜ ਦਰਿਆਵਾਂ ਦੇ ਪਾਣੀਆਂ ਨੇ ਇਸ ਧਰਤੀ ਨੂੰ ਜਰਖੇਜ਼ ਬਣਾਇਆ ਹੈ। ਪਰ ਮਾੜੀ ਨੀਅਤ ਅਤੇ ਅਸਫਲ ਪਰਬੰਧਨ ਨੇ ਇਥੋਂ ਦੇ ਲੋਕਾਂ ਨੂੰ ਫਾਕੇ ਕੱਟਣ ਵਾਲੇ ਕਰ ਦਿੱਤਾ ਹੈ। ਜਮਾਲ ਹੁਸ਼ਿਆਰਪੁਰੀ ਲਿਖਦਾ ਹੈ:

ਸੁਣਿਐਂ ਤੇਰੇ ਬਹਿਸ਼ਤ ਵਿਚ, ਕੋਈ ਨਹੀਂ ਕਮੀ ਰੱਬਾ ਕੀ ਉਥੇ ਹੈ ਦਸੂਹਾ ਮੁਕੇਰੀਆਂ ?

-ਮੇਰਿਆ ਪਿੰਡਾ ਕਿਤੇ ਵੀ ਹੁੰਦਾ,

ਵਾਘਿਓਂ ਪਾਰ ਨਾ ਹੁੰਦਾ

ਜਮਾਲ ਹੁਸ਼ਿਆਰਪੁਰੀ ਨੇ ਇਸ਼ਕ ਮੁਹੱਬਤ ਦੇ ਖ਼ੂਬਸੂਰਤ ਸ਼ਿਅਰ ਵੀ ਲਿਖੇ ਹਨ ਅਤੇ ਇਸ ਦੇ ਨਾਲ ਹੀ ਪ੍ਰਗਤੀਵਾਦੀ ਰੰਗ ਵੀ ਉਸ ਦੀਆਂ ਗ਼ਜ਼ਲਾਂ ਵਿੱਚ ਮਿਲਦਾ ਹੈ। ਉਸਦੀ ਸ਼ਾਇਰੀ ਵਿੱਚ ਤਿੱਖੇ ਵਿਅੰਗ ਨਾਲ ਗੱਲ ਕੀਤੀ ਗਈ ਮਿਲਦੀ ਹੈ। ਉਸਦੀ ਇਕੋ ਗ਼ਜ਼ਲ ਉਸ ਦੇ ਕਈ ਰੰਗਾਂ ਨੂੰ ਦਰਸਾਉਂਦੀ ਹੈ :

ਕਿਸੇ ਕਿਤਾਬ ਜੁਮੈਟਰੀ ਵਿਚ ਉਹ ਲਿਖੀਆਂ ਨਈਂ ਜਿਹੜੀਆਂ ਉਹਦੇ ਜੁੱਸੇ ਗਿਰਦ ਲਕੀਰਾਂ ਨੇ।

ਹਲ ਵਾਹੇਂ ਤਾਂ ਘਰ ਤੇਰੇ ਵਿਚ ਦਾਣੇ ਨਾ,

ਕੱਪੜਾ ਬੁਣੇਂ ਤਾਂ ਪਿੰਡੇ ਤੇਰੇ ਲੀਰਾਂ ਨੇ।

ਸੋਚੇਂ ਤਾਂ ਇਹ ਛਲ ਨੇ ਵੱਡੇ ਲੋਕਾਂ ਦੇ।

ਨਾ ਸੋਚੇਂ ਤਾਂ ਇਹ ਤੇਰੀਆਂ ਤਕਦੀਰਾਂ ਨੇ

ਇੰਝ ਜਮਾਲ ਪਚੀ ਏ ਸਾਨੂੰ ਆਜ਼ਾਦੀ,

ਸੂਰਾਂ ਨੂੰ ਜਿਵੇਂ ਪੋਨੇ ਤੇ ਕੁੱਤਿਆਂ ਨੂੰ ਖੀਰਾਂ ਨੇ

ਇਸੇ ਤਰ੍ਹਾਂ ਸ਼ਾਇਸਤਾ ਹਬੀਬ ਨੇ ਆਪਣੀ ਕਵਿਤਾ 'ਮੈਂ ਤੇ ਧਰਤੀ ਮਾਂ' ਵਿਚ ਕਿਸਾਨ ਦੇ ਜੀਵਨ ਦੀ ਝਲਕ ਪੇਸ਼ ਕੀਤੀ ਹੈ:

ਕਿਹੜੇ ਖੂਹਾਂ ਦਾ ਪਾਣੀ ਅਸੀਂ ਪੀਵਾਂਗੀਆਂ?

ਕੌਣ ਮੈਨੂੰ ਪੀਂਘ ਹੁਲਾਰੇ ਦੇਵੇਗਾ?

ਕਿਹੜੇ ਤ੍ਰਿੰਞਣ ਬੈਠ ਕੇ ਪੂਣੀਆ ਕੱਤਾਂਗੇ?

ਕਿਹੜਾ ਚਾਚਾ ਮੈਨੂੰ ਆਪਣੀ ਧੀ ਆਖੇਗਾ,

ਤੇ ਕਿਹੜੇ ਵੀਰ ਲਈ ਮੈਂ ਸਿਰ ਤੇ ਰੋਟੀ ਚੁੱਕ ਕੇ

ਖੇਤਾਂ ਵੱਲ ਜਾਵਾਂਗੀ?

ਇਸੇ ਤਰ੍ਹਾਂ ਮੁਹੰਮਦ ਸਾਦਕ ਜੰਜੂਆ ਮਹਿੰਗਾਈ ਦੀ ਸਮੱਸਿਆ 'ਤੇ ਆਪਣੀ ਲੋਕ-ਪਰੰਪਰਾਵਾਦੀ ਰੰਗਣ ਦੇ ਕੇ ਸਪਸ਼ਟ ਕਰਦਾ ਹੈ:

ਕੋਠੇ ਉੱਤੇ ਕਾਂ ਜਾਂ ਬੋਲੇ

ਉਹਨੂੰ ਚੂਰੀ ਪਾਂਦੇ

ਕਿਉਂਕਿ ਵੱਡੇ ਵਡੇਰੇ ਆਂਹਦੇ ਆਏ

ਘਰ ਪਰਾਹੁਣਾ ਆਇਆ ਬਰਕਤ ਹੁੰਦੀ।

ਇਹ ਪੁਰਾਣੀਆਂ ਗੱਲਾਂ

ਅੱਜ ਤੇ ਦਿਲ ਘਾਬਰਦਾ ਵੇਖ ਪਰਾਹੁਣਾ

ਜਾਂ ਤ੍ਰੇਲੀ ਜੁੱਸੇ ਭੰਨਦੀ

ਜੀਅ ਕਰਦਾ ਏ

ਕਾਂ ਬੋਲੇ ਤੇ ਗੋਲੀ ਮਾਰਾਂ

ਆਪਣਾ ਢਿੱਡ ਤੇ ਭਰਦਾ ਨਾਹੀਂ।

4.8 **ਸਮਾਜ ਵਿਚ ਔਰਤ ਦੀ ਸਥਿਤੀ** : ਪਾਕਿਸਤਾਨੀ ਪੰਜਾਬੀ ਕਵੀਆਂ ਨੇ ਆਪਣੇ ਸਮਾਜ ਵਿਚ ਔਰਤ ਦੀ ਤ੍ਰਾਸਦਿਕ ਸਥਿਤੀ ਦਾ ਵਿਸ਼ੇਸ਼ ਤੌਰ ਤੇ ਵਰਣਨ ਕੀਤਾ ਹੈ। ਇਹਨਾਂ ਮਰਦ ਅਤੇ ਔਰਤਾਂ ਦੋਵੇਂ ਹੀ ਸਰਗਰਮ ਭੂਮਿਕਾ ਨਿਭਾ ਰਹੇ ਹਨ। ਉਸ ਦੀ ਕਵਿਤਾ ਵਿਚ ਔਰਤ ਦਾ ਦਰਦ ਵੀ ਹੈ ਅਤੇ ਉਸਦੀ ਉਡਾਰੀ ਵੀ। ਉਹ ਸਹਿਜ ਭਾਵ ਕਵਿਤਾ ਕਹਿਣ ਵਾਲੀ ਕਵਿੱਤਰੀ ਹੈ।ਨਸਰੀਨ ਅੰਜੁਮ ਭੱਟੀ ਦੀ ਇਹ ਕਵਿਤਾ ਪੜ੍ਹਨ ਯੋਗ ਹੈ:

ਦੀਵੇ ਨੂੰ ਬੰਨ੍ਹ ਬੰਨ੍ਹ ਪਈ ਰਖਦੀ

ਓਸ ਬਜ਼ਾਰੇ ਜਾਣ ਨਾ ਦਿੰਦੀ

ਵਿਕਦੀ ਜਿਥੇ ਉਡਾਰੀ

ਦੀਵਾ ਆਖੇ ਤੱਤੀਏ ਵਾਏ

ਲੈ ਦੇ ਮੈਨੂੰ ਪੰਖ ਪ੍ਰੀਤਾਂ ਆਲੇ

ਵਾ ਆਖੇ ਪਈ ਪੰਖ ਪ੍ਰੀਤਾਂ ਆਲੇ

ਜਿਉਂਦੀ ਜਾਨੇ ਕੰਢਿਆਂ ਮੱਲੇ

ਕਦੇ ਨਾ ਲੱਭਦੇ?

ਪਾਕਿਸਤਾਨੀ ਪੰਜਾਬੀ ਕਵੀਆਂ ਨੇ ਸਮਾਜ ਵਿੱਚ ਪ੍ਰਚਲਿਤ ਵੇਸ਼ਵਾਗਿਰੀ ਦਾ ਵੀ ਵਰਣਨ ਆਪਣੀਆ ਕਵਿਤਾਵਾਂ ਵਿੱਚ ਕੀਤਾ ਹੈ। ਸਾਰਾ ਸ਼ਗੁਫ਼ਤਾ (ਸਵਰਗਵਾਸੀ) ਦੀ ਕਵਿਤਾ 'ਮੈਂ ਨੰਗੀ ਚੰਗੀ' ਦੀਆਂ ਕੁਝ ਸਤਰਾਂ ਪੜ੍ਹਨ ਯੋਗ ਹਨ:

ਮੇਰੇ ਜਿਸਮ ਦੀ ਦਲਾਲੀ ਕਰਨ ਵਾਲੇ

ਤੈਨੂੰ ਮੇਰਾ ਨਾਂ ਨਹੀਂ ਦਸਦੇ?

ਕਈ ਰਾਤਾਂ ਤੇ ਕਈ ਚੰਨ ਮੇਰੇ

ਮਨ ਵਿਚ ਮਰ ਗਏ ਨੇ

ਮੇਰੇ ਸੰਗਲਾਂ ਕੋਲੋਂ

ਮੇਰੀਆ ਸੱਚਾਈਆਂ ਦੀ ਕੈਦ ਪੁੱਛੋ!

ਤੁਹਾਡੇ ਇਕਰਾਰਾਂ ਵਿਚ ਡੁੱਬੇ ਹੋਏ ਇਨਕਾਰਾਂ ਨੇ ਮੇਰਾ ਰੱਬ ਮਾਰ ਦਿੱਤਾ ਏ।

ਇਸ ਕਵਿਤਰੀ ਦੀ ਇਕ ਹੋਰ ਕਵਿਤਾ ਦੀਆਂ ਸਤਰਾਂ ਪਾਕਿਸਤਾਨੀ ਸਮਾਜ ਵਿਚ ਪ੍ਰਚਲਿਤ ਵੇਸ਼ਵਾਵ੍ਰਿਤੀ ਦੀਆਂ ਸੂਚਕ ਹਨ:

ਤਵਾਇਫ਼ ਹੁੰਦਿਆਂ ਹੋਇਆ ਮੈਂ ਤੈਨੂੰ ਕਮਾ ਨਾ ਸੱਕੀ

ਕਿ ਖੋਟੇ ਸਿੱਕੇ ਮੇਰੀਆਂ ਛਾਤੀਆਂ 'ਚੋਂ ਵਹਿ ਨਿਕਲੇ ਸਨ

ਤੇ ਤੂੰ ਬਾਰਾਤ ਹਾਰ ਗਿਆ...

ਚਾਰ ਵਰ੍ਹੇ ਮੈਂ ਅੱਧੀ ਚਾਰਪਾਈ ਉਣਦੀ ਰਹੀ

ਤੇ ਤੂੰ ਮੇਰੀ ਸਰਮਗਾਹ ਵਿਚ ਸੌਂਦਾ ਰਿਹਾ...

4.9 **ਰਾਜਨੀਤਿਕ ਸਰੋਕਾਰ** : ਪਾਕਿਸਤਾਨ ਦੀ ਪ੍ਰਾਪਤੀ ਲਈ ਮੁਸਲਮਾਨੀ ਮੱਧ ਸ਼੍ਰੇਣੀ ਦੇ ਲੋਕਾਂ ਨੇ ਸਰਗਰਮ ਭੂਮਿਕਾ ਨਿਭਾਈ ਸੀ। ਇਹਨਾਂ ਲੋਕਾਂ ਦੀ ਭੂਮਿਕਾ ਸਿੱਧੇ ਅਤੇ ਅਸਿੱਧੇ ਦੋਹਾਂ ਢੰਗਾਂ ਦੀ ਸੀ। ਇਨ੍ਹਾਂ ਲੋਕਾਂ ਦੀ ਪਰੰਪਰਾ ਉਨ੍ਹੀਵੀਂ ਸਦੀ ਦੀ ਪੁਨਰ ਜਾਗ੍ਰਿਤੀ ਦੇ ਮੁਸਲਮਾਨ ਆਗੂਆਂ - ਸਰ ਸੱਯਦ ਅਹਿਮਦ ਖਾਂ, ਸਰ ਫ਼ਜ਼ਲ ਹੁਸੈਨ, ਸਰ ਅਬਦੁਲ ਕਾਦਰ ਅਤੇ ਸਰ ਮੁਹੰਮਦ ਇਕਬਾਲ ਆਦਿ ਨਾਲ ਜੁੜਦੀ ਹੈ। ਮਿਸਟਰ ਜਿਨਾਹ ਇਸ ਨਵੀਂ ਪੈਦਾ ਹੋਈ ਮੱਧ ਸ਼੍ਰੇਣੀ ਦਾ ਉਤਕ੍ਰਿਸ਼ਟ ਨੇਤਾ ਸੀ, ਉਹ ਕੇਵਲ ਇਸ ਗੱਲ ਦਾ ਪ੍ਰਤੀਕ ਸੀ ਕਿ ਹਿੰਦੂ ਮੱਧ ਸ਼੍ਰੇਣੀ ਨਾਲ ਟੱਕਰ ਲੈਣ ਵਾਲੀ ਮੁਸਲਿਮ ਲੀਡਰਸ਼ਿਪ ਹੋਂਦ ਵਿਚ ਆ ਗਈ ਹੈ ਅਤੇ ਇਹ ਨਵੀਂ ਲੀਡਰਸ਼ਿਪ ਹਰ ਢੰਗ ਨਾਲ ਮੁਸਲਮਾਨਾਂ ਦੇ ਉਚਿਤ ਅਣਉਚਿਤ ਹੱਕਾ ਉੱਤੇ ਪਹਿਰਾ ਦੇਵੇਗੀ। ਮੁਸਲਮਾਨਾਂ ਵਿੱਚ ਵਿਸ਼ਵਾਸ਼ ਪੈਦਾ ਕਰਨ ਅਤੇ ਉਹਨਾਂ ਨੂੰ ਹਰ ਔਕੜ ਦਾ ਸਾਹਮਣਾ ਕਰਨ ਲਈ ਤਿਆਰ ਕਰਨ ਵਿੱਚ ਆਦਰਸ਼ਵਾਦੀ ਨੇਤਾ ਅਤੇ ਬੁੱਧੀਜੀਵੀ ਮੁਹੰਮਦ ਅਲੀ ਜਿਨਾਹ ਨੇ ਮਹੱਤਵਪੂਰਣ ਭੂਮਿਕਾ ਨਿਭਾਈ। ਉਸ ਨੇ ਇਸ ਕੱਮ ਨੂੰ ਬਹੁਤ ਹੀ ਦਿਆਨਤਦਾਰੀ ਨਾਲ ਕੀਤਾ ਅਤੇ

ਪ੍ਰਵੀਨ ਮੁਸਲਮਾਨਾਂ ਦੀ ਗਵਾਚੀ ਸ਼ਾਨੋ ਸ਼ੌਕਤ ਨੂੰ ਮੁੜ ਬਹਾਲ ਕਰਨ ਲਈ ਬਹੁਤ ਮਿਹਨਤ ਕੀਤੀ। ਅਖੀਰ ਉਸ ਨੇ ਆਪਣੀ ਕੌਮ ਲਈ ਪਾਕਿਸਤਾਨ ਪ੍ਰਾਪਤ ਕਰ ਲਿਆ, ਪਰ ਪਾਕਿਸਤਾਨ ਦੇ ਵਜੂਦ ਵਿਚ ਆਉਣ ਮਗਰੋਂ ਮੁਸਲਮਾਨਾਂ ਦੇ ਰਾਜਸੀ ਅਤੇ ਧਾਰਮਿਕ ਆਦਰਸ਼ਾਂ ਦੀ ਨੁਹਾਰ ਹੋਰ ਦੀ ਹੋਰ ਬਣ ਗਈ। 'ਦੁੱਖ ਦਰਿਆਓਂ ਪਾਰ ਦੇ' ਦੀਆਂ ਕਈ ਕਵਿਤਾਵਾਂ ਵਿੱਚ ਪਾਕਿਸਤਾਨ ਬਣਨ ਦੇ ਘਟਨਾ ਕ੍ਰਮ ਬਾਬਤ ਰਚਨਾਵਾਂ ਮਿਲਦੀਆਂ ਹਨ। ਇਸ ਕਾਵਿ ਸੰਗ੍ਰਹਿ ਦਾ ਅਧਿਐਨ ਕਰਨ ਤੋਂ ਮਗਰੋਂ ਸਾਨੂੰ ਤਾਨਾਸ਼ਾਹੀ ਰਾਜਸੀ ਪ੍ਰਬੰਧ ਵਿਚ ਹਕੂਮਤ ਦੇ ਜ਼ਬਰ ਤੇ ਜ਼ੁਲਮ ਬਾਰੇ ਪਤਾ ਚਲਦਾ ਹੈ। ਪਾਕਿਸਤਾਨ ਦੀ ਹਕੂਮਤ ਵਿਸ਼ੇਸ਼ ਤੌਰ 'ਤੇ ਫੌਜੀ ਤਾਨਾਸ਼ਾਹੀ ਨੇ ਇਥੋਂ ਦੀ ਜਨਤਾ ਉੱਤੇ ਜ਼ਬਰ ਤੇ ਜ਼ੁਲਮ ਕੀਤੇ ਹਨ। ਪ੍ਰਸਿੱਧ ਪਾਕਿਸਤਾਨੀ ਪੰਜਾਬੀ ਕਵੀ ਡਾ. ਸਲੀਮ ਉੱਲ ਰਹਿਮਾਨ ਨੇ ਉਸ ਸਮੇਂ ਦੇ ਹਾਕਮਾਂ ਵੱਲੋਂ ਕੀਤੇ ਗਏ ਅੱਤਿਆਚਾਰਾਂ ਦੀ ਤਸਵੀਰ ਇਸ ਤਰ੍ਹਾਂ ਪੇਸ਼ ਕੀਤੀ ਹੈ:

ਚਾਰ ਚੁਫ਼ੇਰੇ ਦਰਿਆ ਵਾਂਗੂੰ

ਠਾਠਾਂ ਮਾਰਨ ਕਾਲੇ ਸ਼ਾਹ ਹਨੇਰੇ।

ਇਕ ਇਕ ਕਰਕੇ ਡੁੱਬਦੇ ਜਾਵਣ

ਹਸਦੇ ਘਰ ਤੇ ਜਾਗਦੀਆਂ ਗਲੀਆਂ

ਝਲ ਝਲ ਕਰਦੇ ਬੂਹੇ ਬਨੇਰੇ

... ...

ਦੁੱਖ ਦੇ ਇਸ ਡੂੰਘੇ ਦਰਿਆ 'ਚੋਂ

ਕਿਹੜਾ ਹਿੰਮਤ ਵਾਲਾ ਲੰਘੇ

ਵੇਲੇ ਦਾ ਇਕ ਨਾਗ ਜ਼ਹਿਰੀਲਾ

ਦੂਰ ਦੂਰ ਤੱਕ ਸੂਕਰ ਮਾਰੇ।

ਜਿਹੜੇ ਪਾਸੇ ਜਾਉ ਡੰਗੇ।

ਤਾਨਾਸ਼ਾਹ ਹਕੂਮਤ ਦੇ ਜ਼ਬਰ ਅਤੇ ਜ਼ੁਲਮ ਸੰਬੰਧੀ ਪ੍ਰਸਿੱਧ ਕਵੀ ਤੇ ਸ਼ਾਇਰ ਪ੍ਰੋ. ਸ਼ਰੀਫ਼ ਕੁੰਜਾਹੀ ਕਹਿੰਦੇ ਹਨ ਕਿ ਜ਼ਬਰ ਨਾਲ ਕਿਸੇ ਕੌਮ ਜਾਂ ਸੂਬਾ ਵਾਸੀਆਂ ਨੂੰ ਦਬਾਇਆ ਨਹੀਂ ਜਾ ਸਕਦਾ। ਉਸਦੇ ਬਾਗੀ ਦਿਲ ਵਿਚੋਂ ਇਹੋ ਆਵਾਜ਼ ਨਿਕਲੀ ਜਿਸਨੂੰ ਉਸਨੇ ਆਪਣੀ ਕਵਿਤਾ ਅਲਜਜ਼ਾਇਰ ਦੀਆਂ ਇਨਾਂ ਕਾਵਿ ਸਤਰਾਂ ਵਿਚ ਪ੍ਰਸਤੁਤ ਕੀਤਾ ਹੈ:

ਅਸਾਂ ਛੰਗਾਈਆਂ ਨਾਲ ਨ ਵੇਖੇ,

ਰੁੱਖ ਕਦੇ ਵੀ ਸੁਕਦੇ

ਕਤਲਾਮਾ ਦੇ ਨਾਲ ਨ ਕੌਮਾਂ

ਜੀਵਨ ਦਾ ਹੱਕ ਛੋੜਨ ।

'ਦੁੱਖ ਦਰਿਆਓ ਪਾਰ ਦੇ' ਕਾਵਿ ਸੰਗ੍ਰਹਿ ਵਿੱਚ ਪਾਕਿਸਤਾਨੀ ਪੰਜਾਬ ਦੀਆਂ ਰਾਜਨੀਤਿਕ ਸਥਿਤੀਆਂ ਅਤੇ ਆਰਥਿਕ ਮੰਦਹਾਲੀ ਦਾ ਜ਼ਿਕਰ ਵੀ ਕੀਤਾ ਗਿਆ ਮਿਲਦਾ ਹੈ। ਪਾਕਿਸਤਾਨੀ ਪੰਜਾਬ ਵਿੱਚ ਹਾਲੇ ਤੱਕ ਵੀ ਜਾਗੀਰਦਾਰੀ ਪ੍ਰਬੰਧ ਭਾਰੂ ਹੈ। ਪਾਕਿਸਤਾਨੀ ਪੰਜਾਬ ਵਿੱਚ ਗ਼ਰੀਬ ਅਮੀਰ ਦਾ ਪਾੜਾ ਦਿਨੋ ਦਿਨ ਘਟਣ ਦੀ ਥਾਂ ਵੱਧਦਾ ਜਾ ਰਿਹਾ ਹੈ। ਪਾਕਿਸਤਾਨ ਵਿਚ ਲੰਮਾ ਸਮਾਂ ਸਾਮਰਾਜੀ ਕਿਸਮ ਦਾ ਰਾਜਸੀ ਢਾਂਚਾ ਰਿਹਾ ਹੈ, ਜਿਸ ਵਿਚ ਗਰੀਬ ਗ਼ਰੀਬ ਹੋ ਰਿਹਾ ਅਤੇ ਅਮੀਰ ਹੋਰ ਅਮੀਰ ਹੁੰਦਾ ਗਿਆ ਹੈ। ਇਸ ਕਾਵਿ ਸੰਗ੍ਰਹਿ ਵਿੱਚ ਇਸ ਨਾਬਰਾਬਰੀ ਨੂੰ ਦਰਸਾਉਣ ਵਾਲੀਆਂ ਬਹੁਤ ਸਾਰੀਆਂ ਕਵਿਤਾਵਾਂ ਹਨ:

ਖਾ ਜ਼ਮੀਰ ! ਜਿਊਂਦਾ ਰਿਹਾ

ਮੈਂ ਤੀਹ ਸਾਲ ਭੁੱਖਣ ਭਾਣਾ ਅਗਲ ਹੱਥਾ

ਜੰਗ, ਰੋਟੀ, ਸਾਮਰਾਜੀ ਪੌੜੀਆਂ ਨੂੰ ਲੰਮੀਆਂ ਕਰਦਾ ਰਿਹਾ।

ਧੁਖਦਾ ਰਿਹਾ, ਬਲਦਾ ਰਿਹਾ, ਸੜਦਾ ਰਿਹਾ

ਅਤਰ ਸਿੰਘ ਅਨੁਸਾਰ, ਬੰਗਲਾ ਦੇਸ਼ ਦੀ ਸਥਾਪਨਾ ਪਾਕਿਸਤਾਨੀ ਕੌਮ ਦੇ ਇਤਿਹਾਸ ਵਿਚ ਇਕ ਬੜੀ ਅਦਭੁੱਤ ਘਟਨਾ ਹੈ। ਇਸਦਾ ਸਦਮਾ ਅਜੇ ਤਕ ਇੰਨਾ ਪ੍ਰਬਲ ਹੈ ਕਿ ਇਸਦਾ ਅਰਥ ਸਮਝਣ ਲਈ ਅਜੇ ਕੁਝ ਦੇਰ ਲਗੇਗੀ, ਪਰ ਤਾਂ ਵੀ ਇਸਦਾ ਇਕ ਵੱਡਾ ਪ੍ਰਭਾਵ ਬਚ ਰਹੇ ਪਾਕਿਸਤਾਨ ਵਿਚ ਆਪਣੀ ਮੂਲ ਹੋਂਦ ਦੀ ਪਛਾਣ ਲਈ ਯਤਨ ਦੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਪੂਰਬੀ ਪਾਕਿਸਤਾਨ ਵਿਚ ਬੋਲੀ ਤੇ ਸਥਾਨਕ ਕਲਚਰ ਦੀ ਸ਼ਕਤੀ ਇੰਨੀ ਪ੍ਰਗਟ ਸੀ ਕਿ ਧਰਮ ਦੀ ਸਾਂਝ ਵੀ ਬੰਗਾਲੀ ਮੁਸਲਮਾਨਾਂ ਨੂੰ ਪੱਛਮੀ ਪਾਕਿਸਤਾਨ ਨਾਲ ਜੋੜ ਕੇ ਨਾ ਰੱਖ ਸਕੀ। ਬੰਗਲਾ ਦੇਸ਼ ਦੀ ਸਥਾਪਨਾ ਨਾਲ ਪਾਕਿਸਤਾਨ ਦੀ ਰਾਜ ਬਣਤਰ ਦਾ ਇਕ ਅੰਦਰਲਾ ਵਿਰੋਧ ਖ਼ਤਮ ਹੋ ਗਿਆ। ਸਪਸ਼ਟ ਹੈ ਕਿ ਬੰਗਲਾ ਦੇਸ਼ ਦਾ ਹੋਂਦ ਵਿਚ ਆਉਣਾ ਪਾਕਿਸਤਾਨੀ ਲੋਕਾਂ ਦੇ ਲਈ ਇਕ ਬਹੁਤ ਡੂੰਘਾ ਸਦਮਾ ਸੀ। ਬੰਗਲਾ ਦੇਸ਼ ਬਣਨ ਉੱਤੇ ਪ੍ਰਸਿੱਧ ਪਾਕਿਸਤਾਨੀ ਕਵੀ ਅਹਿਮਦ ਸਲੀਮ ਨੇ ਸਾਧਾਰਨ ਜਨਤਾ ਦੀ ਪ੍ਰਤੀਕਿਰਿਆ ਨੂੰ ਆਪਣੀ ਕਵਿਤਾ 'ਸਦਾ ਜੀਏ ਬੰਗਲਾਦੇਸ਼' ਵਿੱਚ ਪ੍ਰਸਤੁਤ ਕੀਤਾ ਹੈ।

ਆਜ਼ਾਦੀ ਤੋਂ ਪਹਿਲਾਂ ਸਮੁੱਚਾ ਖਿੱਤਾ ਸਪਤ ਸਿੰਧੂ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਸ ਖਿੱਤੇ ਦੇ ਲੋਕਾਂ ਦਾ ਸਭਿਆਚਾਰ, ਭਾਸ਼ਾ, ਰਹੁ ਰੀਤਾਂ ਸਾਝੀਆਂ ਹਨ। ਇਹਨਾਂ ਲੋਕਾਂ ਵਿੱਚ ਆਪਸੀ ਭਾਈਚਾਰਕ ਸਾਂਝ ਵੀ ਕਾਇਮ ਸੀ। ਪਰ ਅੰਗਰੇਜ਼ੀ ਸਰਕਾਰ ਅਤੇ ਉਪਰਲੀ ਕੌਮੀ ਬੁਰਜੁਆਜੀ ਦੀ ਫਿਰਕੂ ਭਾਵਨਾ ਨੇ ਆਮ ਲੋਕਾਂ ਨੂੰ ਗੁੰਮਰਾਹ ਕਰਕੇ ਇਕ ਦੂਸਰੇ ਦੇ ਜਾਨੀ ਦੁਸ਼ਮਣ ਬਣਾ ਦਿੱਤਾ। ਮੌਜੂਦਾ ਪਾਕਿਸਤਾਨ 14 ਅਗਸਤ, 1947 ਨੂੰ ਵਜੂਦ ਵਿਚ ਆਇਆ ਸੀ । ਇਸ ਦੇਸ਼ ਦੇ ਅਜ਼ਾਦ ਹੁੰਦੇ ਹੀ ਇਸ ਭੂ-ਖੰਡ ਵਿੱਚ  ਬਹੁਤ ਰਾਜਨੀਤਿਕ ਉਥਲ ਪੁਥਲ ਤੇ ਫੌਜੀ ਸਰਗਰਮੀਆਂ ਚਲਦੀਆਂ ਰਹੀਆਂ ਹਨ। ਇਸ ਦੌਰ ਦੀ ਰਾਜਨੀਤਿਕ ਅਸਥਿਰਤਾ ਬਾਰੇ ਅਹਿਮਦ ਸਲੀਮ ਦੀ ਕਵਿਤਾ 'ਦੇਸ ਪਿਆਰ' ਦੀਆਂ ਇਹ ਕਾਵਿ ਪੰਕਤੀਆਂ ਪੜ੍ਹੀਆਂ ਜਾ ਸਕਦੀਆਂ ਹਨ:

ਤੇਰੀ ਚੁੰਨੀ ਸਾੜਦੇ ਛੱਤ ਵੈਂਦੇ ਨਦੀਆਂ ਚੀਰ ਮਿਰਜ਼ੇ ਨੂੰ ਵੰਝ ਘੇਰਦੇ ਜ਼ਾਲਮ ਮੀਰ ਸ਼ਮੀਰ

4.10 **ਪ੍ਰਗਤੀਵਾਦੀ ਅੰਸ਼:** ਪਾਕਿਸਤਾਨੀ ਪੰਜਾਬੀ ਕਵਿਤਾ ਦਾ ਬਹੁਤ ਵੱਡਾ ਹਿੱਸਾ ਪ੍ਰਗਤੀਵਾਦੀ ਅੰਸ਼ਾ ਨਾਲ ਭਰਪੂਰ ਹੈ। ਕੁਝ ਵਿਦਵਾਨ ਇਸਨੂੰ ਪ੍ਰਗਤੀਸ਼ੀਲ ਲਹਿਰ ਕਹਿੰਦੇ ਹਨ । ਡਾ. ਜਗਤਾਰ ਅਨੁਸਾਰ - ਪਾਕਿਸਤਾਨ ਬਣਨ ਵਿਧਾਨਿਕ ਅਸੈਂਬਲੀ ਤੋੜਨ ਨਾਲ ਅਤੇ ਫਿਰ ਫ਼ੌਜੀ ਪ੍ਰਬੰਧ ਕਾਰਨ ਮਨੁੱਖ ਦੇ ਬੁਨਿਆਦੀ ਹਕੂਕ ਘੇਰੇ ਜਾਣ ਤੇ ਫਿਰ 1958 ਵਿਚ ਮਾਰਸ਼ਲ ਲਾ ਲਾ ਕੇ ਅਯੂਬ ਖਾ ਨੇ ਸਾਰੇ ਮੁਲਕ ਵਿਚ ਫ਼ੌਜੀ ਅਦਾਲਤਾਂ ਕਾਇਮ ਕਰ ਦਿੱਤੀਆਂ ਅਤੇ ਮਾਰਕਸਵਾਦੀ ਪਾਰਟੀ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ ਗਿਆ ਤਾਂ ਪ੍ਰਗਤੀਸ਼ੀਲ ਸੰਘ ਵੀ ਖੇਰੂੰ ਖੇਰੂੰ ਹੋ ਗਿਆ । ਇਸ ਤਰ੍ਹਾਂ ਸਮਾਜਵਾਦੀ ਯਥਾਰਥਵਾਦ ਦਾ ਪ੍ਰਗਟਾਵਾ ਕਰਨਾ ਅਦੀਸਾ ਲਈ ਕਠਿਨ ਹੋ ਗਿਆ, ਪਰੰਤੂ ਕੁਝ ਲੇਖਕਾਂ ਨੇ ਆਪਣੇ ਭਾਵਾਂ ਨੂੰ ਪ੍ਰਤੀਕਾਂ ਤੇ ਲੋਕ ਬਿੰਬਾਵਲੀ ਦੇ ਰੂਪ ਵਿਚ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਇਸ ਦੌਰ ਦੀ ਕਵਿਤਾ ਵਿਚ ਨਾਅਰੇਬਾਜ਼ੀ ਨਾਲ ਭਰੀਆਂ ਹੋਈਆਂ ਨੀਰਸ ਤੇ ਕਾਵਿਕਤਾ ਤੋਂ ਸਖਣੀਆਂ ਕਵਿਤਾਵਾਂ ਵੀ ਸ਼ਾਮਿਲ ਹਨ ਤੇ ਕਲਾਮਈ ਤੇ ਡੂੰਘੇ ਅਨੁਭਵ ਵਾਲੀਆਂ ਕਵਿਤਾਵਾਂ ਵੀ ਹਾਜ਼ਰ ਹਨ। ਇਸ ਪ੍ਰਸੰਗ ਵਿਚ "ਦੁੱਖ ਦਰਿਓਂ ਪਾਰ ਦੇ' ਦੀਆਂ ਕੁਝ ਕਵਿਤਾਵਾਂ ਪੜ੍ਹੀਆਂ ਜਾ ਸਕਦੀਆਂ ਹਨ:

ਮਾਰੇ ਬੜਕਾਂ ਉਸ ਬਜ਼ਾਰ

ਇਹ ਸੀ ਤੇਰਾ ਵਤਨੀ ਪਿਆਰ

ਇਹ ਸੀ ਤੇਰਾ ਵਤਨੀ ਪਿਆਰ।

## ਯੂਨਿਟ-5

## ਦੁੱਖ ਦਰਿਆਓਂ ਪਾਰ ਦੇ' ਕਾਵਿ ਸੰਗ੍ਰਹਿ ਦੀ  ਕਾਵਿ ਦ੍ਰਿਸ਼ਟੀ/ ਵਿਚਾਰਧਾਰਾ/ ਸਾਹਿਤਕ ਮੁਲਾਂਕਣ

'ਦੁਖ ਦਰਿਆਓਂ ਪਾਰ ਦੇ' ਕਾਵਿ ਸੰਗ੍ਰਹਿ ਡਾ. ਅਤਰ ਸਿੰਘ ਅਤੇ ਡਾ.ਜਗਤਾਰ ਦੁਆਰਾ ਸੰਪਾਦਿਤ ਕੀਤਾ ਗਿਆ ਹੈ। ਇਸ ਕਾਵਿ ਸੰਗ੍ਰਹਿ ਵਿਚ ਚੋਣਵੇਂ ਪਾਕਿਸਤਾਨੀ ਪੰਜਾਬੀ ਕਵੀਆਂ ਦੀਆਂ ਕਵਿਤਾਵਾਂ ਇਕੱਤਰ ਕੀਤੀਆਂ ਗਈਆਂ ਹਨ। ਇਹਨਾਂ ਕਵਿਤਾਵਾਂ ਜ਼ਰੀਏ ਅਸੀਂ ਸਮੁੱਚੀ ਪਾਕਿਸਤਾਨੀ ਪੰਜਾਬੀ ਕਵਿਤਾ ਦੇ ਨੈਣ ਨਕਸ਼ ਤਾਂ ਪਛਾਣ ਹੀ ਸਕਦੇ ਹਾਂ ਇਸ ਦੇ ਨਾਲ ਹੀ ਅਸੀਂ ਇਸ ਵਿੱਚੋਂ ਝਰਦੀ ਵਿਚਾਰਧਾਰਾ ਦੀ ਸ਼ਨਾਖਤ ਵੀ ਕਰ ਸਕਦੇ ਹਾਂ। ਇਹਨਾਂ ਕਵਿਤਾਵਾਂ ਦਾ ਸਹਿਤਕ ਮੁਲਅੰਕਣ ਕਰਨ ਤੇ ਪਤਾ ਚਲਦਾ ਹੈ ਕਿ ਰੂਪਾਕਾਰਕ ਤੌਰ ਤੇ ਪਾਕਿਸਤਾਨੀ ਪੰਜਾਬੀ ਕਵਿਤਾ ਬਹੁਤ ਸਾਰੀਆਂ ਵੰਨਗੀਆਂ ਵਿੱਚ ਲਿਖੀ ਗਈ ਹੈ।

ਮੁੱਢਲੇ ਦੌਰ ਵਿੱਚ ਕਿੱਸੇ, ਸੀਹਰਫੀਆਂ, ਦੋਮਿਸਰੇ, ਰੁਬਾਈਆਂ ਲਿਖੀਆਂ ਗਈਆਂ। ਇਸ ਪਿੱਛੋਂ ਅਹਿਮਦ ਸਲੀਮ, ਅਹਿਮਦ ਰਾਹੀ, ਸ਼ਰੀਫ ਕੁੰਜਾਹੀ, ਅਹਿਮਦ ਜ਼ਫ਼ਰ, ਨਜ਼ਮ ਹੁਸੈਨ ਸੱਯਦ, ਅਫਜ਼ਲ ਅਹਿਸਨ ਰੰਧਾਵਾ ਅਤੇ ਫਖਰ ਜਮਾਨ ਨੇ ਨਜ਼ਮ ਨੂੰ ਸਿਖਰ ਤੱਕ ਪਹੁੰਚਾਇਆ ਹੈ। ਮੁਨੀਰ ਨਿਆਜ਼ੀ, ਮੁਹੰਮਦ ਸਲੀਮ ਖਾਨ ਅਤੇ ਏ ਸ਼ਾਦ ਨੇ ਛੋਟੀਆਂ ਕਵਿਤਾਵਾਂ ਵਿੱਚ ਵੱਡੇ ਅਰਥ ਭਰੇ ਹਨ। ਇਸੇ ਤਰ੍ਹਾਂ ਨਵੇਂ ਦੌਰ ਵਿੱਚ ਖੁੱਲ੍ਹੀ ਕਵਿਤਾ ਤੋਂ ਪ੍ਰਭਾਵਿਤ ਹੋ ਕੇ ਸਲੀਮ ਉਲ ਰਹਿਮਾਨ ਜਿਹੇ ਸ਼ਾਇਰਾਂ ਨੇ ਖੁੱਲ੍ਹੀ ਕਵਿਤਾ ਨੂੰ ਨਵੀਂ ਬੁਲੰਦੀ ਬਖ਼ਸ਼ੀ ਹੈ। ਮੁਸਲਿਮ ਦੇਸ਼ ਹੋਣ ਕਾਰਨ ਆਤੇ ਲਗਾਤਾਰ ਫੌਜੀ ਅਫਸਰਸ਼ਾਹੀ ਦਾ ਰਾਜ ਰਹਿਣ ਕਾਰਨ ਭਾਵੇਂ ਕਵੀਆਂ ਅਤੇ ਲੇਖਕਾਂ ਉਪਰ ਕਈ ਤਰ੍ਹਾਂ ਦੀਆਂ ਪਾਬੰਦੀਆਂ ਰਹੀਆਂ ਹਨ ਪਰ ਫਿਰ ਵੀ ਬਹੁਤ ਸਾਰੇ ਪ੍ਰਤਿਬੱਧ ਕਵੀਆਂ ਨੇ ਪਾਕਿਸਤਾਨ ਵਿੱਚ ਗ਼ਜ਼ਲ ਦੀ ਪਰੰਪਰਾ ਨੂੰ ਭਰਪੂਰ ਰੂਪ ਵਿੱਚ ਵਿਕਸਤ ਕੀਤਾ ਹੈ।

ਗ਼ੁਲਾਮ ਯਾਕੂਬ ਅਨਵਰ, ਫ਼ਕੀਰ ਮੁਹੰਮਦ ਫ਼ਕੀਰ, ਸੱਯਦ ਉਲਫਤ ਰਵਾਇਤੀ ਕਿਸਮ ਦੀ ਗ਼ਜ਼ਲ ਲਿਖਦੇ ਰਹੇ ਉੱਥੇ ਰਸ਼ੀਦ ਅਨਵਰ, ਰਊਫ਼ ਸ਼ੇਖ਼, ਅਮੀਨ ਖ਼ਿਆਲ, ਗ਼ੁਲਾਮ ਮੁਸਤਫਾ ਬਿਸਮਿਲ, ਡਾ. ਹੱਲ ਅਤੇ ਹਕੀਮ ਨਾਸਰ ਨੇ ਇਸ ਨੂੰ ਨਵੀਨਤਾ ਬਖਸ਼ੀ। ਪਰ ਜ਼ਫ਼ਰ ਇਕਬਾਲ, ਅਬਦੁਲ ਕਰੀਮ ਕੁਦਸੀ, ਤਨਵੀਰ ਬੁਖਾਰੀ, ਹਫੀਜ਼ ਤਾਇਬ, ਰਿਆਜ਼ ਸ਼ਾਦ, ਅਜ਼ਹਰ ਜਾਵੇਦ, ਨਾਦਾਰ ਜਾਜਵੀ, ਨਜੀਰ ਚੌਧਰੀ, ਕੰਵਲ ਮੁਸ਼ਤਾਕ ਅਮਜਦ ਇਸਲਾਮ ਅਮਜਦ ਆਦਿ ਗ਼ਜ਼ਲਗੋਆਂ ਨੇ ਗ਼ਜ਼ਲ ਨੂੰ ਆਧੁਨਿਕ ਰੰਗਤ ਪ੍ਰਦਾਨ ਕੀਤੀ। ਪਰ ਪਾਕਿਸਤਾਨੀ ਪੰਜਾਬੀ ਕਵਿਤਾ ਅਧੀਨ ਰਚੇ ਜਾਣ ਵਾਲੇ ਗੀਤ ਸਧਾਰਨਤਾ ਦੀ ਪੱਧਰ ਤੋਂ ਉੱਚੇ ਨਹੀਂ ਉਠ ਸਕੇ। ਭਾਵੇਂ ਅਬਦੁਲ ਮਜੀਦ ਭੱਟੀ, ਅਸਮਾਈਲ ਮਤਵਾਲਾ, ਖਾਵਰ ਰਾਜਾ, ਸ਼ਰੀਫ ਅਹਿਮਦ ਅਤੇ ਅਖਤਰ ਕਸ਼ਮੀਰੀ ਨੇ ਬਹੁਤ ਹੀ ਖੂਬਸੂਰਤ ਗੀਤ ਵੀ ਲਿਖੇ ਹਨ।

ਕਵਿਤਾ ਦਾ ਜਨਮ ਹਰ ਸਾਹਿਤ ਵਿਚ ਵਾਰਤਕ ਤੋਂ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ। ਕਾਵਿਕ ਜਜ਼ਬੇ ਹਰ ਦੌਰ ਦੇ ਮਨੁੱਖ ਅੰਦਰ ਹੁੰਦੇ ਹਨ ਪਰੰਤੂ ਉਨ੍ਹਾਂ ਨੂੰ ਪ੍ਰਗਟਾਉਣ ਦੀ ਸ਼ਕਤੀ ਕੁਦਰਤ ਨੇ ਹਰ ਇਕ ਮਨੁੱਖ ਨੂੰ ਨਹੀਂ

ਦਿੱਤੀ ਹੁੰਦੀ। ਕਵਿਤਾ ਕਵੀ ਦੇ ਅਨੁਭਵਾਂ ਅਤੇ ਸੰਵੇਦਨਾ ਨਾਲ ਜੁੜੀ ਹੁੰਦੀ ਹੈ। ਇਹ ਕਵੀ ਦੇ ਹਿਰਦੇ ਵਿੱਚੋਂ ਆਪ-ਮੁਹਾਰੇ ਫੁੱਟਦੀ ਹੈ ਅਤੇ ਇਕ ਧਾਰਾ ਬਣ ਕੇ ਵਹਿ ਤੁਰਦੀ ਹੈ। ਕਵਿਤਾ ਮਨੁੱਖ ਦੇ ਅਤਿ ਕੋਮਲ ਭਾਵਾਂ ਦਾ ਪ੍ਰਗਟਾਵਾ ਹੈ। ਸਾਹਿਤ ਦੇ ਸਿਧਾਂਤਕਾਰਾਂ ਨੇ ਕਵਿਤਾ ਦੀਆ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ ਜਿਨ੍ਹਾਂ ਤੋਂ ਕਵਿਤਾ ਦੀ ਹੋਂਦ ਵਿਧੀ ਦੇ ਬਾਰੇ ਪਤਾ ਚਲਦਾ ਹੈ।

**5.1 ਕਵਿਤਾ ਦੀ ਪਰਿਭਾਸ਼ਾ:**

ਬਾਵਾ ਬੁੱਧ ਸਿੰਘ ਦੇ ਅਨੁਸਾਰ, "ਅਸਲ ਵਿੱਚ ਕਵਿਤਾ ਇੱਕ (Art) ਹੁਨਰ ਹੈ, ਜਿਸ ਵਿੱਚ ਕਾਰੀਗਰੀ ਦੀ ਲੋੜ ਹੈ, ਉਹ ਕਾਰੀਗਰੀ ਕੀ ਹੈ, ਮਨ ਦੇ ਖਿਆਲ ਤੇ ਚਾਅ ਨੂੰ ਸੋਹਣੀ, ਸੁਰੀਲੀ ਲੈਯ ਵਿੱਚ ਕੱਢਣਾ, ਭਾਵੇਂ ਉਹ ਕੁੜੀਆਂ ਵੋਹਟੀਆਂ ਦਾ ਗੌਣ ਹੋਵੇ ਭਾਵੇਂ ਵਾਰਸ ਤੇ ਬੁਲ੍ਹੇ ਦੀ ਲਿਆਕਤ ਦਾ ਸਿੱਟਾ, ਸਭ ਕਵਿਤਾ ਈ ਹੈ।"

ਪ੍ਰੋ. ਪੂਰਨ ਸਿੰਘ ਪੰਜਾਬੀ ਕਾਵਿ ਸਿਧਾਂਤ ਨੂੰ  ਸਮਝਣ ਸਮਝਾਉਣ ਵਾਲਾ ਸਮਰੱਥ ਸ਼ਾਇਰ ਅਤੇ ਕਾਵਿ ਆਲੋਚਕ ਹੈ। ਉਸਨੇ ਕਵਿਤਾ ਦੀ ਪਰਿਭਾਸ਼ਾ ਬਹੁਤ ਹੀ ਭਾਵਪੂਰਤ ਰੂਪ ਵਿੱਚ ਕੀਤੀ ਹੈ:

'ਉਸੀ ਤਰ੍ਹਾਂ ਜਿਸ ਤਰ੍ਹਾਂ ਇਕ ਹਰਨੀ ਮੂੰਹ ਉੱਚਾ ਕਰਕੇ ਆਪਣੇ ਵਿਛੜੇ ਸਾਥੀ ਦੀ ' ਆਵਾਜ਼ ਨੂੰ ਸੁਣਦੀ ਹੈ ਤੇ ਬਿਹਬਲ ਹੁੰਦੀ ਹੈ। ਤਿਵੇਂ ਹੀ ਕਵੀ ਦੇ ਦਿਲ ਦੀ ਆਵਾਜ਼ ਸਦੀਆਂ ਦੇ ਕੰਨ ਖੜ੍ਹੇ ਕਰ ਦਿੰਦੀ ਹੈ। ਸੁਰਤਿ ਨੂੰ ਖਿੱਚ ਪਾਂਦੀ ਹੈ ਤੇ ਦੇ ਕੇ ਸੁਰਤਿ ਨੂੰ ਮਾਮੂਲੀ ਧਰਤ ਥੀਂ ਉਠਾ ਕੇ ਉੱਚਾ ਕਰਕੇ ਅਣ ਡਿੱਠੇ ਗਗਨਾਂ, ਉੱਚਿਆਂ ਦਮਕਦਿਆ ਗਗਨਾਂ ਵਿਚ ਸਥਿਤੀ ਦੇ ਦਿੰਦੀ ਹੈ।'

ਕਵਿਤਾ ਲਈ ਕਿਸ-ਕਿਸ ਵਸਤ ਦੀ ਲੋੜ ਹੈ

ਕਾਰਲਾਈਲ ਦੇ ਕਥਨ ਅਨੁਸਾਰ ਕਵਿਤਾ ਕੇਵਲ ਜੀਵਨ ਦੀ ਆਲੋਚਨਾ ਨਹੀਂ ਹੁੰਦੀ, ਸਗੋਂ ਇਹ ਜੀਵਨ ਦਾ ਸੱਚ ਹੁੰਦੀ ਹੈ। ਇਹ ਮਨੁੱਖ ਦੀ ਉੱਚ ਤਲਾਸ਼ ਦਾ ਨਿਚੋੜ ਹੈ, ਜਿਹੜੀ ਉਹ ਸਦੀਵੀ ਦੀ ਹਕੂਮਤ ਤੱਕ ਪਹੁੰਚਣ ਲਈ ਕਰਦਾ ਹੈ। (Poetry is not only criticism of life, it is the every truth life, every essence of man's noble quest from reaching the kingdom of eternal bliss)

ਸਵਿਨਬਰਨ ਅਨੁਸਾਰ ਕਵਿਤਾ ਮਨੁੱਖ ਦੀ ਆਤਮਾ ਦੀ ਆਵਾਜ਼ ਹੁੰਦੀ ਹੈ। (Poetry is the voice of man's soul) ਏ.ਸੀ. ਬੈਡਲੇ ਦੁਆਰਾ ਦਿੱਤੀ ਪਰਿਭਾਸ਼ਾ ਵਿਚ ਆਪਣੇ-ਆਪ ਵਿਚ ਮਹੱਤਵਪੂਰਨ ਹੈ. ਉਸ ਦਾ ਕਹਿਣਾ ਹੈ ਕਿ ਕਾਵਿ ਦਾ ਸਰੂਪ ਨਾ ਤਾ ਯਥਾਰਥ ਸੰਸਾਰ ਦਾ ਭਾਗ ਹੈ ਅਤੇ ਨਾ ਹੀ ਉਸ ਦੀ ਕੋਈ ਨਕਲ ਹੈ ਸਗੋਂ ਉਹ ਆਪਣੇ-ਆਪ ਵਿਚ ਇਕ ਸੰਸਾਰ ਹੈ, ਜਿਹੜਾ ਖੁਦ- ਮੁਖਤਿਆਰ ਸੰਪੂਰਣ ਤੇ ਸੁਤੰਤਰ ਹੈ।

ਸ਼ੈਲੇ ਦੇ ਸ਼ਬਦਾਂ ਵਿਚ, ਕਵਿਤਾ ਸੰਸਾਰ ਦੀ ਛਪੀ ਸੁੰਦਰਤਾ ਤੋਂ ਪਰਦਾ ਉਠਾਉਂਦੀ ਹੈ ਅਤੇ ਜਾਣੀਆ-ਪਛਾਣੀਆਂ ਚੀਜ਼ਾਂ ਨੂੰ ਅਜਿਹੀ ਸ਼ਕਲ ਦਿੰਦੀ ਹੈ ਜਿਵੇਂ ਉਹ ਜਾਣੀਆਂ-ਪਛਾਣੀਆਂ ਨਾ ਹੋਣ।

(Poetry lifts the veil from the hidden of the word and makes familiar objects be as if they were not familiar)

ਜਾਹਨਸਨ ਦਾ ਵਿਚਾਰ ਹੈ ਕਿ, ਕਵਿਤਾ ਕਿਸ ਰਹੱਸ ਦਾ ਪਰਛਾਵਾਂ ਨਹੀਂ ਹੁੰਦੀ। ਇਹ ਸਦੀਵਤਾ ਜਾਂ ਪਰਮਾਤਮਾ ਦੀ ਰੋਸ਼ਨੀ ਹੁੰਦੀ ਹੈ। (It is not the shade of mystery, it is the light of Eternity.)

ਇਕ ਹੋਰ ਵਿਦਵਾਨ ਵਾਟਸ ਡੇਟਨ ਅਨੁਸਾਰ ਮਨੁੱਖੀ ਮਨ ਦਾ ਬਾਣਾ ਤੇ ਸਰਦੀ ਬੋਲੀ ਵਿਚ ਕਲਾਮਈ ਪ੍ਰਗਟਾਅ ਕਵਿਤਾ ਹੈ ਵਿਲਪ ਸਿਡਨੀ ਇਕ ਪਰਿਣਾਮਵਾਦੀ ਚਿੰਤਕ ਹੈ। ਉਹ ਕਾਵਿ ਨੂੰ ਕਿਸੇ ਵਧੇਰੇ ਉਪਦੇਸ਼ ਦੀ ਪੂਰਤੀ ਦਾ ਸਾਧਨ ਸਵੀਕਾਰਦਾ ਹੈ। ਉਸ ਦਾ ਵਿਚਾਰ ਹੈ ਕਿ ਕਵਿਤਾ ਇਕ ਅਨੁਕਰਣ ਮੂਲਕ ਹੁਨਰ ਹੈ। ਇਹ ਮੂੰਹ ਬੋਲਦੀ ਤਸਵੀਰ ਹੈ ਜਿਸ ਦਾ ਉਦੇਸ਼ ਸਿੱਖਿਆ ਹੈ ਤੇ ਸੁਹਜ ਹੈ।

ਡਾ. ਪ੍ਰੇਮ ਪ੍ਰਕਾਸ਼ ਸਿੰਘ ਦੇ ਕਥਨ ਅਨੁਸਾਰ, 'ਜੀਵਨ-ਜਗਤ ਤੇ ਪੈਦਾ ਤਿੱਖੇ ਅਹਿਸਾਸਾਂ ਦੀ ਥਾਂ ਵੰਡ ਬਾਣੀ ਹੀ ਕਾਵਿ ਹੈ।

ਪ੍ਰੋ. ਪੂਰਨ ਸਿੰਘ ਦੇ ਆਪਣ ਅਨੁਸਾਰ, ਪਿਆਰ ਵਿਚ ਮੋਏ ਬੰਦਿਆਂ ਦੇ ਬਚਨ ਕਵਿਤਾ ਹਨ।

ਇਹਨਾਂ ਪਰਿਭਾਸ਼ਾਵਾਂ ਤੋਂ ਕਵਿਤਾ ਬਾਰੇ ਕਈ ਗੱਲਾਂ ਸਾਹਮਣੇ ਆਉਂਦੀਆਂ ਹਨ। ਇਕ ਤਾਂ ਇਹ ਕਿ ਇਹ ਮਨੁੱਖ ਦੇ ਧੁਰ ਅੰਦਰ ਦੀ ਆਵਾਜ਼ ਹੁੰਦੀ ਹੈ। ਜੋ ਕੁਝ ਮਨੁੱਖ ਦੇ ਮਨ ਅੰਦਰ ਹੁੰਦਾ ਹੈ, ਉਹ ਆਪਮੁਹਾਰੇ ਬਾਹਰ ਵੱਲ ਨੂੰ ਮੂੰਹ ਕਰ ਲੈਂਦਾ ਹੈ। ਕਵੀ ਇਸ ਤਰ੍ਹਾਂ ਪੈਦਾ ਹੋਏ ਵਿਚਾਰਾਂ ਨੂੰ ਕਲਮਬੰਧ ਕਰ ਲੈਂਦਾ ਹੈ। ਕਵਿਤਾ ਨੂੰ ਜੀਵਨ ਦਾ ਸੱਚ ਅਤੇ ਉਸ ਪਰਮਾਤਮਾ ਤਕ ਪਹੁੰਚਣ ਅਤੇ ਉਸ ਬਾਰੇ ਸੂਬਾ ਦਾ ਸਾਧਨ ਤੱਕ ਸਮਝਿਆ ਜਾਂਦਾ ਹੈ। ਸਦੀਵੀਪਨ ਦੀ ਤਲਾਸ਼ ਕਵਿਤਾ ਰਾਹੀਂ ਹੋ ਸਕਦੀ ਹੈ।

ਕਵਿਤਾ ਅੰਦਰਲਾ ਸੰਦੇਸ਼ ਸਦੀਵੀ ਹੁੰਦਾ ਹੈ :- ਅੱਜ ਵੀ ਲੋਕ ਬਹੁਤ ਪੁਰਾਣੇ ਕਵੀਆਂ ਨੂੰ ਭੁੱਲ ਨਹੀਂ ਸਕੇ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਸ਼ੌਕ ਨਾਲ ਪੜ੍ਹਦੇ ਹਨ। ਕਵਿਤਾ ਵਿਅਕਤੀ ਨੂੰ ਸੰਸਾਰ ਦੀਆਂ ਕੌੜੀਆਂ ਯਥਾਰਥਕ ਹਾਲਤਾਂ ਵਿਚੋਂ ਕੱਢ ਕੇ ਅਜਿਹੇ ਵਾਤਾਵਰਣ ਵਿਚ ਲੈ ਜਾਂਦੀ ਹੈ, ਜਿਸ ਅੰਦਰ ਉਹ ਆਪਣੀਆਂ ਸਾਰੀਆਂ ਦਿੱਕਤਾਂ ਤੇ ਕੌੜੇ ਯਥਾਰਥ ਤੋਂ ਮੁਕਤ ਹੋ ਕੇ ਸੁੱਖ ਦਾ ਸਾਹ ਲੈਂਦਾ ਹੈ। ਕਵਿਤਾ ਦੇ ਸੰਸਾਰ ਤੱਕ ਲੂਹੰਦੀਆਂ ਹਵਾਵਾਂ ਪਹੁੰਚ ਹੀ ਨਹੀਂ ਸਕਦੀਆਂ, ਕਵਿਤਾ ਦਾ ਸੰਸਾਰ ਅਜਿਹਾ ਹੁੰਦਾ ਹੈ, ਜਿਸ ਅੰਦਰ ਅਜਿਹੀਆਂ ਗੱਲਾਂ ਸੱਗ ਹੋ ਨਿਬੜਦੀਆਂ ਹਨ, ਇਨ੍ਹਾਂ ਸੰਬੰਧੀ ਸਦਾ ਵਿਅਕਤੀ ਦੇ ਮਨ ਅੰਦਰ ਸ਼ੰਕੇ ਮੌਜੂਦ ਹੁੰਦੇ ਹਨ। ਕਵਿਤਾ ਦੀ ਆਵਾਜ਼ ਅੰਦਰ ਵਿਆਪਕਤਾ ਹੁੰਦੀ ਹੈ

ਅਤੇ ਇਹ ਹਰੇਕ ਦੇ ਮਨ ਨੂੰ ਮੋਹ ਲੈਂਦੀ ਹੈ। ਕਠੋਰ ਤੋਂ ਕਠੋਰ ਵਿਅਕਤੀ ਦੇ ਮਨ ਨੂੰ ਕਵਿਤਾ ਮੋਮ ਕਰ ਸਕਦੀ ਹੈ । ਕਿਹਾ ਜਾਂਦਾ ਹੈ ਕਿ ਆਪਣੀ ਕਲਪਨਾ ਦੁਆਰਾ ਕਵੀ ਅਜਿਹੀਆਂ ਉੱਚਾਈਆਂ ਤਕ ਪਹੁੰਚ ਸਕਦਾ ਹੈ, ਜਿਨ੍ਹਾਂ ਤਕ ਚੰਨ-ਸੂਰਜ ਵੀ ਨਹੀਂ ਪਹੁੰਚ ਸਕਦੇ। ਇਹ ਮਨੁੱਖਤਾ ਦੀ ਆਵਾਦ ਨੂੰ ਪ੍ਰਗਟਾਉਂਦੀ ਹੈ।

**5.2 ਵਿਚਾਰ ਤੱਤ** : ਖਾਲੀ ਕਲਪਨਾ ਕੁਝ ਨਹੀਂ ਕਰ ਸਕਦੀ ਜੇਕਰ ਕਵਿਤਾ ਅੰਦਰਲੀ ਸਮੱਗਰੀ ਬੇਜਾਨ ਹੋਵੇ। ਕਈ ਕਵੀ ਤਾਂ ਇੱਥੋਂ ਤਕ ਦਿੰਦੇ ਹਨ ਕਿ ਉਹ ਕਵਿਤਾ ਦੇ ਬਾਹਰੀ ਸਰੋਤ (Form) ਨੂੰ ਉੱਨੀ ਮਹੱਤਤਾ ਨਹੀਂ ਦਿੰਦੇ, ਜਿੰਨੀ ਮਹੱਤਤਾ ਉਹ ਸਮੱਗਰੀ ਨੂੰ ਦਿੰਦੇ ਹਨ।

ਅੰਗਰੇਜ਼ ਕਵੀ ਕਾਲਰਿਜ ਨੇ ਇਸੇ ਗੱਲ ਵੱਲ ਸੰਕੇਤ ਕਰਦਿਆਂ ਕਿਹਾ ਹੈ ਕਿ ਕੋਈ ਮਨੁੱਖ ਉਦੋਂ ਤੱਕ ਇਕ ਚੰਗਾ ਕਵੀ ਨਹੀਂ ਬਣ ਸਕਦਾ, ਜਦੋਂ ਤੱਕ ਉਹ ਨਾਲੋਂ-ਨਾਲ ਗੂੜਾ ਫਿਲਾਸਫਰ ਨਹੀਂ ਹੁੰਦਾ।

ਪੱਛਮੀ ਵਿਦਵਾਨ ਪੀ. ਗੁਰੇ (P.H. Gurrey) ਦਾ ਇੱਥੋਂ ਤਕ ਕਹਿਣਾ ਹੈ ਕਿ, "ਕਵਿਤਾ ਵਿਚ ਪਰੋਏ ਵਿਚਾਰ ਦੀ ਖੂਸ਼ੀ ਨੂੰ ਨਾ ਗੋਲਣ ਦਾ ਭਾਵ ਕਾਵਿ ਦੇ ਮੁੱਲ ਨੂੰ ਘਟਾਉਣਾ ਹੈ, ਕਿਉਂਕਿ ਇਹ ਪ੍ਰਤੱਖ ਹੈ ਕਿ ਕਾਵਿ ਦੇ ਅਨੁਭਵ ਵਿਚ ਵਿਚਾਰ ਇਕ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ।"

"ਦੁੱਖ ਦਰਿਆਓ ਪਾਰ ਦੇ ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਵਿਚਲਾ ਵਿਚਾਰ ਤੱਤ ਬਹੁਤ ਹੀ ਜ਼ੋਰਦਾਰ ਹੈ। ਹਰੇਕ ਕਵੀ ਨੇ ਆਪਣੀ-ਆਪਣੀ ਸਮਰੱਥਾ ਅਨੁਸਾਰ ਆਪਣੇ ਵਿਸ਼ੇ ਨੂੰ ਪੇਸ਼ ਕੀਤਾ ਹੈ। ਬਹੁਤ ਸਾਰੇ ਕਵੀਆਂ ਨੇ ਆਧੁਨਿਕ ਮਨੁੱਖ ਦੀਆਂ ਸਮੱਸਿਆਵਾਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ - *ਅਫਜਲ ਅਹਿਸਨ ਰੰਧਾਵਾ' ਦੀ ਕਵਿਤਾ 'ਬਦੀਆਂ ਦਾ ਦੌਰ' ਵਿਚ ਇਹ ਪ੍ਰਭਾਵ ਵੇਖਿਆ ਜਾ ਸਕਦਾ ਹੈ। ਉਦਾਹਰਨ ਵੇਖੋ-

ਸਾਂਤੀ ਫਿਰਦਾ ਸਾਂ ਪਰ ਤੇ ਕਿਜ਼ਤ ਜਾਸ਼ਟੀ ਧਾਰਚੇ, ਨਾ ਹੁਣ ਐਵੇਂ ਜਾਨ ਗਵਾ ਤੇ ਨਾ ਐਵੇਂ ਰੇ ਇਹ ਬਦੀਆਂ ਦਾ ਦੌਰ ਏ ਉਠਾ ....

ਜਾ ਉਠ ਜਾ ਮੂੰਹ ਧੋ । ਇਸੇ ਤਰ੍ਹਾਂ 'ਖੋਜ' ਕਵਿਤਾ ਵਿਚ ਪ੍ਰਸਿੱਧ ਪਾਕਿਸਤਾਨੀ ਪੰਜਾਬੀ ਕਵੀ 'ਅਫਜ਼ਲ ਅਹਿਸਨ ਰੰਧਾਵਾ' ਕਹਿੰਦੇ ਹਨ- ਹੱਥ ਵਿਚ ਸੂਰਜ ਫੜ ਕੇ ਸਿਰ ਤੇ ਲੈ ਕੇ ਆਪਣੀ ਛਾਂ ਤੈਨੂੰ ਭਾਲਣ ਨਿਕਲੇ ਸਾਂ ਪਰ ਭੁਲ ਗਏ ਆਪਣਾ ਨਾਂ।

ਇਸੇ ਤਰ੍ਹਾਂ ਉਦਾਹਰਨ ਵਜੋਂ 'ਅਨੋਖਾ ਸ਼ਹਿਰ' ਕਵਿਤਾ ਵੇਖੀ ਜਾ ਸਕਦੀ ਹੈ- ਹਰ ਕੋਈ ਸਿਰ ਤੇ ਚੁੱਕੀ ਫਿਰਦਾ ਆਪਣਾ ਆਪਣਾ ਕਹਿਰ। ਹਰ ਇਕ ਦੇ ਮੱਥੇ ਤੇ ਚਮਕੇ ਨੀਲਾ ਨੀਲਾ ਜਹਿਰ। ਉੱਤੋਂ ਸੱਭੇ ਪਿਆਰ ਮਹੱਬਤਾਂ, ਵਾਲੇ ਦੀਵੇ ਬਾਲਣ, ਵਿਚੋਂ ਸਾਰੇ ਇਕ ਦੂਜੇ ਲਈ ਸੱਪ ਸਪੋਲੀਏ ਪਾਲਣ।

'ਦੁੱਖ ਦਰਿਆਓਂ ਪਾਰ ਦੇ' ਕਾਵਿ ਸੰਗ੍ਰਹਿ ਵਿਚ ਪ੍ਰਸਿੱਧ ਪਾਕਿਸਤਾਨੀ ਪੰਜਾਬੀ ਕਵੀ ਅਹਿਮਦ ਸਲੀਮ ਆਪਣੀ ਕਵਿਤਾ ਵਿਚ ਬੰਗਲਾ ਦੇਸ਼ ਦੇ ਬਹਾਨੇ ਵਿਸ਼ਵ ਭਾਈਚਾਰੇ ਦੀ ਗੱਲ ਕਰਦਾ ਹੈ। ਉਹ ਆਪਣੀ ਕਵਿਤਾ 'ਦੇਸ਼

ਪੰਜਾਬ' ਵਿਚ ਪੰਜਾਬ ਦੀ ਮਿੱਟੀ ਤੇ ਗੌਰਵ ਦੀ ਗੱਲ ਕਰਦਾ ਹੈ। ਇਸ ਦੀ ਉਦਾਹਰਣ ਲਈ 'ਦੇਸ਼ ਪੰਜਾਬ' ਕਵਿਤਾ ਵਿਚੋਂ ਕੁਝ ਪੰਕਤੀਆਂ ਦੇਖੀਆਂ ਜਾ ਸਕਦੀਆਂ ਹਨ-

ਦੇਸ਼ ਪੰਜਾਬੋਂ ਉੱਠਿਆ, ਨਫਰਤ ਦਾ ਸ਼ੇਰ ਵਰਕਾ ਪਿਛਾਂਹ ਨੂੰ ਪਰਤਿਆ, ਤਵਾਰੀਖ ਨੇ ਹੋਰ ਜਿਉ ਤੂੰਬਾਂ ਉੱਡਦਾ ਰੂੰ ਦਾ. ਉੱਡੇ ਇੰਜ ਸਰੀਰ ਤੇਰੇ ਹੱਥੋਂ ਅਮਨ ਦੀ ਚੁੰਨੀ ਲੀਰ ਕਤੀਰ ਜਿੰਦੜੀ ਦੇ ਮੂੰਹ ਪਈ ਨੀ, ਬੂਹੇ ਬੂਹੇ ਧੂੜ ਮਾਏ ਲੁਕਾਵਾਂ ਕਿੰਜ ਮੈਂ ਤੇਰਾ ਨਿੱਤ ਦਾ ਕੂੜ ਪੁੱਤਰ ਤੇਰੇ ਛੇੜਦੇ ਦੂਰ ਪਾਰ ਨਿੱਤ ਲਾਮ ਪੀਣ ਬਿਗਾਨੇ ਸਿਰਾਂ ਦੇ ਭਰ ਭਰ ਸੂਹੇ ਜਾਮ ਤੇਰੀ ਮਿੱਟੀਓ ਉੱਠਦੇ ਨਿੱਤ ਦਿਹਾੜੀ ਠੱਗ ਦੂਜਿਆਂ ਦੇ ਘਰ ਫੂਕ ਕੇ ਸੇਕਣ ਬਹਿੰਦੇ ਅੱਗ ਤੇਰੀ ਚੁੰਨੀ ਸਾੜਦੇ ਵੱਤ ਵੈਂਦੇ ਨਦੀਆਂ ਚੀਰ ਮਿਰਜ਼ੇ ਨੂੰ ਵੰਝ ਘੇਰਦੇ ਜਾਲਮ ਮੀਰ ਸ਼ਮੀਰ।

ਡਾ. ਅਤਰ ਸਿੰਘ ਅਤੇ ਡਾ: ਜਗਤਾਰ ਨੇ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਔਰਤ ਦੀਆਂ ਸਮੱਸਿਆਵਾਂ ਨੂੰ ਬਹੁਤ ਖੂਬਸੂਰਤੀ ਨਾਲ ਉਜਾਗਰ ਕੀਤਾ ਹੈ. ਏ. ਸ਼ਾਦ ਦੀ ਕਵਿਤਾ 'ਔਰਤ ਦਾ ਇਕ ਰੂਪ' ਵਿਚ ਉਹ ਔਰਤ ਦੀ ਦੁਰਦਸ਼ਾ ਦਾ ਜ਼ਿਕਰ ਕਰਦਾ ਹੈ, ਇਸੇ ਤਰ੍ਹਾਂ ਆਪਣੀ ਕਵਿਤਾ 'ਜਨਮ ਜਨਮ ਦੇ ਵੈਰੀ' ਵਿਚ ਉਹ ਮਨੁੱਖੀ ਲੁੱਟ-ਖਸੁੱਟ ਨੂੰ ਆਪਣੇ ਕਾਵਿ ਵਸਤੂ ਵਜੋਂ ਪੇਸ਼ ਕਰਦਾ ਹੈ, ਇਸ ਦੀ ਉਦਾਹਰਣ ਵੇਖੀ ਜਾ ਸਕਦੀ ਹੈ

ਸਾਮਾਂ ਵੇਲੇ ਘਰਾਂ ਨੂੰ ਪਰਤੀ ਲਾਲੋ-ਲਾਲ ਸੀ. ਮੂੰਹ ਤੇ ਸਜਰੇ ਦਾਗ ਸਨ ਉਖੜੀ-ਪੁੱਖੜੀ ਚਾਲ ਸੀ. ਟੁੱਟਾ-ਭੱਜਾ ਜਿਸਮ ਸੀ, ਵੱਟਾਂ ਨਾਲ ਨਢਾਲ ਸੀ. ਅੱਖੀਂ ਭਰਿਆ ਜ਼ਹਿਰ ਸੀ ਬਿੱਲਰੇ ਪੁਲਰੇ ਵਾਲ ਸੀ. ਬੇਸੁੱਧ ਤੇ ਬੇਹਾਲ ਸੀ., ਜਨਮ ਜਨਮ ਦੇ ਵੈਰੀ

ਹਰ ਥਾਂ ਫੋਨ ਖਿਲਾਰੀ ਬੈਠੇ, ਰੰਗ-ਬੇਰੰਗੇ ਸਿੰਪ.

ਰਾਵਾਂ ਦੇ ਵਿਚ ਘਾਤਾਂ ਲਈ,

ਭੈੜਾ ਚੰਗਾ ਜੋ ਵੀ ਲੱਭੇ

ਕਰਦੇ ਜਾਣ ਹੜਪ।

ਪਾਕਿਸਤਾਨੀ ਪੰਜਾਬੀ ਕਵੀ ਬਬੀਰ ਮੁਨਜ਼ਰ ਆਪਣੀਆਂ ਗਜ਼ਲਾਂ ਵਿਚ ਪੁਰਾਣੀਆਂ ਸਾਂਝਾਂ ਨੂੰ ਮੁੜ ਸਜੀਵ ਕਰਦਾ ਹੋਇਆ ਆਧੁਨਿਕ ਦੋਰ ਦੀ ਮੁਕੰਮਲ ਤਸਵੀਰ ਪੇਸ਼ ਕਰਦਾ ਹੈ-

ਤਪਦੀਆਂ ਰੇਤਾਂ ਦੇ ਵਿਚ ਬਰਫ ਖਿਲਾਰ ਦਿਓ। ਜਾਂ ਇਕ ਬੰਨ੍ਹ ਸੂਰਜ ਦੇ ਅੱਗੇ ਮਾਰ ਦਿਓ। ਉੱਚੀ ਟੀਸੀ ਵਾਲਿਉ ! ਅਸੀਂ ਗਵਾਂਢੀ ਸਾਂ, ਭੁੱਲ ਭੁਲੇਖੇ 'ਵਾਜ ਕਦੀ ਤਾਂ ਮਾਰ ਦਿਓ। ਰਾਤੀ ਮੈਨੂੰ ਆਪਣੇ ਖੂਬ ਡਰਾਂਦੇ ਨੇ ਦਿਨ ਨਿਕਲੇ ਤਾਂ ਕਹਿੰਦਾ ਵਾਂ ਅਖਬਾਰ ਦਿਓ। ਸੱਜਣੋ। ਮੇਰਾ ਅੰਦਰ ਕੋਈ ਸ਼ੈ ਇਹ ਚੌਲੀ, ਮੈਨੂੰ ਦੇ ਘੁਟ ਪਾਣੀ ਠੰਢਾ ਠਾਰ

ਦਿਓ। ਅੰਨ੍ਹਿਆਂ ਨੂੰ ਅਖੀਂ ਦੇ ਕੇ ਖੁਸ਼ ਫਿਰਦੇ ਹੋ ਮੈਂ ਮੰਨਾਂ ਜੇ ਗੂੰਗਿਆਂ ਨੂੰ ਗੁਫਤਾਰ ਦਿਓ। ਪਹਿਲਾਂ ਈ ਸੋਚ ਕੇ ਗਲੀ ਗਲਾਵੇ ਪਾਟੇ ਸਨ, 'ਮੁਨਜ਼ਰ' ਸਾਹਿਬ ਹੁਣ ਕਿਉਂ ਚੀਕਾਂ ਮਾਰਦੇ ਓ।

ਇਸੇ ਤਰ੍ਹਾਂ ਹੋਰ ਕਵਿਤਾਵਾਂ ਵਿਚ ਵੀ ਲੇਖਕ ਵੱਖ-ਵੱਖ ਵਸਤੂ ਨੂੰ ਆਪਣੀ-ਆਪਣੀ ਕਾਵਿ ਸ਼ੈਲੀ ਰਾਹੀਂ ਪ੍ਰਗਟ ਕਰਦੇ ਹਨ।

ਕੋਈ ਵੀ ਕਵਿਤਾ ਬਿਨਾ ਚੰਗੀ ਸਮੱਗਰੀ ਦੇ ਖੜ੍ਹੀ ਨਹੀਂ ਰਹਿ ਸਕਦੀ, ਭਾਵੇਂ ਇਹ ਜ਼ਰੂਰੀ ਹੁੰਦਾ ਹੈ ਕਿ ਸਮੱਗਰੀ ਅਤੇ ਬਾਹਰਲੇ ਸਰੂਪ ਵਿਚਕਾਰ ਸੰਤੁਲਨ ਲਿਆਂਦਾ ਜਾਵੇ । ਹਮੇਸ਼ਾ ਚੰਗੀ ਸਮੱਗਰੀ ਵਾਲੀ ਕਵਿਤਾ ਦੀ ਹੀ ਸ੍ਰੋਤੇ ਪ੍ਰਸੰਸਾ ਕਰਦੇ ਹਨ ਅਤੇ ਉਸ ਨੂੰ ਸੁਣ ਭੂਮ ਉੱਠਦੇ ਹਨ. ਕਵੀ ਨੂੰ ਕੋਈ ਅਜਿਹੀ ਗੱਲ ਪੇਸ਼ ਕਰਨੀ ਪੈਂਦੀ ਹੈ ਜਿਹੜੀ ਲੋਕਾਂ ਦੇ ਮਨ ਨੂੰ ਭਾ ਜਾਵੇ ।

ਨਿੱਜੀ ਦੁੱਖ ਦਰਦ ਵੀ ਇਹਨਾਂ ਕਵਿਤਾਵਾਂ ਵਿਚ ਅਨੇਕ ਥਾਂ 'ਤੇ ਪ੍ਰਗਟ ਹੁੰਦਾ ਹੈ। ਮਾਜਦ ਸਦੀਕੀ ਦੀ ਗਜ਼ਲ ਵਿਚਲੇ ਕੁਝ ਸ਼ੇਅਰ ਵੇਖੋ ਜਾ ਸਕਦੇ ਹਨ-

ਮੇਰੇ ਅੰਦਰ ਕਾਲਖ ਦੁੱਖ ਦੀ, ਮੇਰਾ ਮੁਖੜਾ ਚੰਨ ਅਸਮਾਨ।

ਮੈਂ ਆਪੂੰ ਸੀਨਾ ਦਾਗਿਆ, ਮੈਨੂੰ ਰੋਣ ਮਿਰੇ ਅਰਮਾਨ । ਮੈਂ ਕਾਮੂ ਆਪਣੇ ਪਿਆਰ ਦਾ, ਮੇਰੀ ਅੱਖੀਂ ਪੈ ਗਈ ਧੁੰਦ, ਮੈਂ ਅੱਗੋਂ ਝਾਕ ਨਾ ਵੇਖਿਆ, ਮੇਰੀ ਹਿੱਕ ਦਾ ਬੁਝਿਆ ਤ੍ਰਾਣ। ਮੈਂ ਗਾਲਬ' ਗੀਤ ਅਲਾਉਂਦਾ, ਜਹੀ ਸੌਂਪੀ ਇਕੇ ਚੁੱਪ, ਅੱਜ ਗੂੰਗਾ ਵਾਂਗ ਪਹਾੜ ਦੇ, ਮੇਰੀ ਘਟ ਕੇ ਰਹਿ ਗਈ ਜਾਨ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪਾਕਿਸਤਾਨੀ ਪੰਜਾਬੀ ਕਵੀਆਂ ਨੇ ਆਪਣੀਆਂ ਕਵਿਤਾਵਾਂ ਵਿੱਚ ਵੱਖ-ਵੱਖ ਵਸਤੂ ਵੇਰਵਿਆਂ ਨੂੰ ਆਪਣੀ ਕਾਵਿ-ਸ਼ੈਲੀ ਰਾਹੀਂ ਪ੍ਰਗਟ ਕੀਤਾ ਹੈ।

5.3 **ਭਾਵ ਤੱਤ** : ਕਵਿਤਾ ਵਿਅਕਤੀ ਦੇ ਮਨ ਅੰਦਰਲੇ ਵਲਵਲਿਆਂ ਅਤੇ ਜਜ਼ਬਿਆਂ ਨੂੰ ਪ੍ਰਗਟ ਕਰਨ ਦਾ ਸਾਧਨ ਹੁੰਦੀ ਹੈ। ਜਿਹੜੀ ਕਵਿਤਾ ਜਜਬੇ ਦੇ ਪੱਖ ਤੋਂ ਕਮਜ਼ੋਰ ਹੁੰਦੀ ਹੈ। ਉਸ ਦਾ ਪੱਧਰ ਕਦੀ ਉਚਾ ਨਹੀਂ ਹੋ ਸਕਦਾ। ਜਿੰਨਾ ਵਧੇਰੇ ਜਜ਼ਬਾਤੀ ਕੋਈ ਕਵੀ ਹੋਵੇਗਾ ਉਹਦੀ ਗੱਲ ਉਨੀ ਹੀ ਡੂੰਘੀ ਤਰ੍ਹਾਂ ਪਾਠਕ ਦੇ ਮਨ ਵਿੱਚ ਬੈਠੇਗੀ। ਦੁੱਖ ਦਰਿਆਓਂ ਪਾਰ ਦੇ ਕਾਵਿ ਸੰਗ੍ਰਹਿ ਵਿਚ ਜਿੱਥੇ ਕਵੀਆਂ ਨੇ ਮਜ਼ਬੂਤ ਵਿਸ਼ਿਆਂ ਨੂੰ ਆਪਣੀ ਕਵਿਤਾ ਦੁਆਰਾ ਪ੍ਰਰਟ ਕੀਤਾ ਹੈ, ਉੱਥੇ ਉਨ੍ਹਾਂ ਦੀ ਕਵਿਤਾ ਵਿਚ ਜਜ਼ਬੇ ਦੀ ਤੀਖਣਤਾ ਵੀ ਪ੍ਰਗਟ ਹੁੰਦੀ ਹੈ। ਵਿਭਿੰਨ ਕਵੀਆਂ ਨੇ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਵਿਭਿੰਨ ਕਾਵਿ ਰੂਪਾਂ ਨੂੰ ਚੁਣਿਆ ਹੈ।। ਇਸ ਸਿਨਫ਼ ਵਿਚ ਦਿਲ ਵਿਚਲਾ ਜਜ਼ਬਾ ਬਹੁਤ ਤੀਖਣ ਰੂਪ ਵਿਚ ਪ੍ਰਗਟ ਹੁੰਦਾ ਹੈ। ਇਸ ਸੰਗ੍ਰਹਿ ਦੀਆਂ ਸਾਰੀਆਂ ਹੀ ਕਵਿਤਾਵਾਂ ਵਿੱਚ ਪੰਜਾਬ ਦਾ ਮੋਹ ਅਤੇ ਸਮਕਾਲੀ ਸਥਿਤੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਮਿਲਦਾ ਹੈ। “ਦੁੱਖ ਦਰਿਆਓ ਪਾਰ ਦੇ’ ਕਾਵਿ ਸੰਗ੍ਰਹਿ ਵਿਚ ਮਾਜਦ ਸਦੀਕੀ ਦੀ ਕਵਿਤਾ ਉਹਲਾ ਇਸ ਪ੍ਰਸੰਗ ਵਿਚ ਪੜ੍ਹੀ ਜਾ ਸਕਦੀ ਹੈ:

ਬੂਹੇ ਉੱਤੇ ਦਸਤਕ ਦੇਵੇ

ਦੁੱਖ ਦਾ ਲਹਿਣੇਦਾਰ।

ਆਸ ਦੀਆਂ ਸਭ ਜੇਬਾਂ ਖਾਲੀ!

ਆਪਣੇ ਹੋਣ ਤੋਂ ਮੁੱਕਰਾਂ

ਵਾਜ ਬਦਲ ਕੇ ਆਖਾਂ ਉਹਨੂੰ

ਗਏ ਨੇ ਕਿੱਧਰੇ ਬਾਹਰ ।

ਮੁਮਤਾਜ਼ ਬਲੋਚ ਗੁਰੂ ਨਾਨਕ ਨੂੰ ਯਾਦ ਕਰਦਾ ਕਹਿੰਦਾ ਹੈ:

ਨਾਨਕ ਮੈਨੂੰ ਲੋੜੀਦਾ

ਹੇ ਨਾਨਕ! ਆਕੇ ਤਕ ਲੈ

ਸਾਡੀ ਅੱਖੀਓਂ ਵਗਦੇ ਨੀਰ।

ਤੂੰ ਸਾਂਝ, ਪ੍ਰੀਤਾਂ ਵੰਡੀਆਂ,

ਅਸਾਂ ਹੋ ਗਏ ਲੀਰੋ ਲੀਰ।

ਇਸ ਤਰ੍ਹਾਂ ਦੀ ਇਕ ਹੋਰ ਉਦਾਹਰਣ ਮੁਨੂੰ ਭਾਈ

ਦੀ ਕਵਿਤਾ ਵਿਚੋਂ ਵੇਖੀ ਜਾ ਸਕਦੀ ਹੈ:

ਯੂਸਫ਼ ਦੀ ਖ਼ੁਸ਼ਬੋ

ਗਾਰਾਂ ਦੇ ਮੂੰਹ ਮਕੜੀ ਜਾਲੇ

ਪੱਥਰਾਂ ਉੱਤੇ ਪੰਜੇ।

ਸੋਚਾਂ ਦੇ ਸਿਰ ਸੂਲੀ ਟੰਗੇ

ਅਕਲਾਂ ਦੇ ਸਿਰ ਗੰਜੇ।

ਤਨ ਦੀਆਂ ਲੋੜਾਂ ਧਾਗੇ ਬਣੀਆਂ

ਮਕੜੀ ਸ਼ਹਿਰ ਵਸਾਏ।

ਸੋਚ ਦੀ ਸੂਲੀ ਕਦੀ ਕਿਸੇ ਨੂੰ

ਸੀਨੇ ਨਾਲ ਨ ਲਾਏ।

ਨਿੱਕੀਆਂ ਵੱਡੀਆਂ ਖੋਪਰੀਆਂ ਤੇ

ਅੱਖੀਆਂ ਵੱਖੋ ਵੱਖ।

ਕਦੇ ਤਾਂ ਉਹਦਾ ਮੁੱਲ ਦੋ ਅੱਟੀਆਂ

ਕਦੀ ਪਚਾਸੀ ਲੱਖ।

ਦੁੱਖ ਦਰਿਆਓ' ਪਾਰ ਦੇ ਕਾਵਿ ਸੰਗ੍ਰਹਿ ਵਿਚ ਕਈ ਕਵੀਆਂ ਨੇ ਜਜ਼ਬੇ ਦੀ ਤੀਖਣਤਾ ਦਾ ਵਹਾਅ ਪ੍ਰਸਤੁਤ ਕੀਤਾ ਹੈ। ਹਰ ਕਵੀ ਨੇ ਆਪਣੀ ਕਾਵਿ ਸੰਵੇਦਨਾ ਜ਼ਰੀਏ ਪਾਕਿਸਤਾਨੀ ਪੰਜਾਬ ਦੇ ਬੰਦੇ ਦੀਆਂ ਮਨੋਵਿਗਿਆਨਕ ਪਰਤਾਂ ਅਤੇ ਸਭਿਆਚਾਰਕ ਅਵਚੇਤਨ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਫ਼ਜ਼ਲ ਪਰਵੇਜ਼ ਦੀ ਕਵਿਤਾ ਇਸ਼ਕ ਬਨੇਰੇ ਇਸ ਪ੍ਰਸੰਗ ਵਿਚ ਵੇਖੀ ਜਾ ਸਕਦੀ ਹੈ:

ਤੇ ਹੁਣ ਇਕ 'ਵਾਜ ਉੱਤੇ

ਮੇਰਾ ਮਾਹੀ

ਮੇਰੇ ਵੀਰ, ਮੇਰਾ ਬਾਬਲ

ਮੇਰੇ ਚਾਚੇ, ਮੇਰੇ ਮਾਮੇ

ਏਥੇ ਤਣੇ ਹੋਏ ਡੋਲਿਆਂ ਦੀ ਛਾਂ ਕਰ ਦੇਣਗੇ।

ਏਥੇ ਬਰਦੀਆਂ ਤੇ ਡਾਂਗਾਂ ਦੇ ਸਰੂਟ ਉੱਗ ਪੈਣਗੇ ।

5.3 **ਪ੍ਰਤੀਕ ਵਿਧਾਨ:** ਅਜ਼ਾਦੀ ਪਿੱਛੋਂ ਬਹੁਤ ਲੰਮਾ ਸਮਾਂ ਪਾਕਿਸਤਾਨ ਵਿੱਚ, ਪੰਜਾਬੀ ਕਵਿਤਾ ਲਿਖਣ ਦਾ ਰੁਝਾਨ ਹੀ ਨਹੀਂ ਬਣ ਸਕਿਆ। ਉਜਾੜੇ ਦੇ ਦੁੱਖ ਦੀ ਘਟਨਾ ਨੇ ਸੰਵੇਦਨਸ਼ੀਲ ਲੋਕਾਂ ਨੂੰ ਇਸ ਕਦਰ ਝੰਜੋੜ ਦਿੱਤਾ ਕਿ ਉਹ ਕੁਝ ਸਮੇਂ ਤੱਕ ਡੂੰਘੀ ਖਮੋਸ਼ੀ ਦਾ ਸ਼ਿਕਾਰ ਰਹੇ। ਅੱਜ ਤੱਕ ਵੀ ਹਰੇਕ ਕਵੀ ਦੇ ਹਿੱਸੇ ਦੋ ਜਾਂ ਤਿੰਨ ਕਾਵਿ ਸੰਗ੍ਰਹਿ ਹੀ ਆਉਂਦੇ ਹਨ। ਇਸ ਦਾ ਇੱਕ ਕਾਰਨ ਇਹ ਸੀ ਕਿ ਸ਼ਾਇਰ ਲੋਕ ਪਹਿਲਾਂ ਉਰਦੂ ਵਿੱਚ ਸ਼ਾਇਰੀ ਕਰਦੇ ਰਹੇ ਫਿਰ ਉਹ ਪੰਜਾਬੀ ਵਿੱਚ ਆਏ। ਦੇਸ਼ ਦੀ ਵੰਡ ਬਾਰੇ ਪਾਕਿਸਤਾਨੀ ਪੰਜਾਬੀ ਕਵਿਤਾ ਉੱਨੀ ਕਲਾਤਮਕ ਨਹੀਂ ਜਿੰਨੀ ਪੂਰਬੀ ਪੰਜਾਬੀ ਕਵਿਤਾ ਹੈ। ਪ੍ਰਗਤੀਸ਼ੀਲ ਕਵਿਤਾ ਵਿੱਚੋਂ ਵੀ ਬਹੁਤੀ ਵਿਚਾਰ ਅਤੇ ਸਿਧਾਂਤ ਤੋਂ ਸੱਖਣੀ ਨਾਹਰੇਬਾਜ਼ੀ ਦੇ ਪੱਧਰ ਦੀ ਹੈ। ਆਧੁਨਿਕ ਰੰਗਤ ਵਾਲੀ ਕਵਿਤਾ ਵਿੱਚ ਮਾਨਵੀ ਚਿਹਰਾ ਬਹੁਤ ਘੱਟ ਕਵੀਆਂ ਦੀਆਂ ਕਵਿਤਾਵਾਂ ਵਿੱਚ ਹੈ। ਪ੍ਰਯੋਗਸ਼ੀਲ ਲਹਿਰ ਦੀ ਕਵਿਤਾ ਵਾਂਗ, ਇਸ ਵਿੱਚ ਵੀ ਅਸਪੱਸ਼ਟਤਾ ਤੇ ਅਸ਼ਲੀਲਤਾ ਕਾਰਨ ਸੰਚਾਰ ਦੀ ਸਮੱਸਿਆ ਹੈ। ਪਾਕਿਸਤਾਨੀ ਸ਼ਾਇਰੀ ਪ੍ਰਤੀਕਾਂ ਉੱਤੇ ਆਧਾਰਿਤ ਹੈ ਪਰ ਇਹ ਪ੍ਰਤੀਕ ਸੰਸਾਰ ਬੜਾ ਹੀ ਸੀਮਿਤ ਹੈ ਕਿਉਂਕਿ ਭਾਰਤੀ ਇਤਿਹਾਸ ਮਿਥਿਹਾਸ ਵਿਚਲੇ ਪ੍ਰਤੀਕਾਂ ਨੂੰ ਜਾਣ ਬੁੱਝ ਕੇ ਤਿਆਗ ਦਿੱਤਾ ਗਿਆ ਹੈ। ਪਹਿਲਾਂ ਬੇਸ਼ੱਕ ਨਜ਼ਮ ਲਿਖੀ ਗਈ ਪਰ ਗ਼ਜ਼ਲਾਂ ਅਤੇ ਗੀਤਾਂ ਦੀ ਬਹੁਲਤਾ ਹੈ। ਪਾਕਿਸਤਾਨੀ ਪੰਜਾਬੀ ਕਵਿਤਾ ਵਿਚਲੀ ਭਾਸ਼ਾ ਲੋਕ ਜੀਵਨ ਦੇ ਨੇੜੇ ਹੈ। ਇਸ ਕੋਲ ਆਪਣਾ ਨਿਵੇਕਲਾ ਅਤੇ ਮੌਲਿਕ ਮੁਹਾਵਰਾ ਨਹੀਂ ਹੈ । ਇਸਲਾਮੀ ਕਾਨੂੰਨ, ਆਰਥਿਕ ਜਾਗੀਰਦਾਰੂ ਵਿਵਸਥਾ ਅਤੇ ਤਾਨਾਸ਼ਾਹੀ ਸ਼ਾਸਨ ਪਾਕਿਸਤਾਨੀ ਪੰਜਾਬੀ ਕਵਿਤਾਵਾਂ ਲਈ ਸੀਮਾਵਾਂ ਬਣੇ ਰਹੇ ਹਨ। ਪੂਰਬੀ ਅਤੇ ਪੱਛਮੀ ਪੰਜਾਬੀ ਸਾਹਿਤ ਵਿੱਚ ਪਿਛਲੇ ਕਈ ਸਾਲਾਂ ਤੋਂ ਚੱਲਿਆ ਸੰਵਾਦ ਕੁਝ ਨਵੀਆਂ ਸੰਭਾਵਨਾਵਾਂ ਪੈਦਾ ਕਰੇਗਾ। ਡਾ. ਜਗਤਾਰ, ਵਰਿਆਮ ਸੰਧੂ ਅਤੇ ਕੁਝ ਹੋਰ ਸੁਹਿਰਦ ਲੇਖਕਾਂ ਦੇ ਯਤਨਾਂ ਨਾਲ ਪਾਕਿਸਤਾਨੀ ਪੰਜਾਬੀ ਸਾਹਿਤ ਸ਼ਾਹਮੁਖੀ ਤੋਂ ਗੁਰਮੁਖੀ ਵਿੱਚ ਅਨੁਵਾਦ ਕਰਕੇ ਪਹੁੰਚਾਉਣ ਦੇ ਯਤਨ ਕੀਤੇ ਗਏ ਹਨ। ਇਹਨਾਂ ਯਤਨਾਂ ਨਾਲ ਦੋਹਾਂ ਦੇਸ਼ਾਂ ਦੇ ਲੋਕਾਂ ਅਤੇ ਬੁੱਧੀਜੀਵੀਆਂ ਦਰਮਿਆਨ ਰਿਸ਼ਤੇ ਮਜਬੂਤ ਹੋਏ ਹਨ।

# ਮੁਸਤਨੱਸਰ ਹੁਸੈਨ ਦੇ ਨਾਵਲ 'ਪਖੇਰੂ' ਦਾ ਸਾਹਿਤਕ ਮੁਲਅੰਕਣ

'ਨਾਵਲ' ਸ਼ਬਦ ਨੂੰ ਅੰਗਰੇਜ਼ੀ ਤੋਂ ਸਿੱਧਾ ਹੀ ਪੰਜਾਬੀ ਵਿੱਚ ਅਪਣਾ ਲਿਆ ਗਿਆ। ਇਹ ਸ਼ਬਦ ਅੰਗਰੇਜ਼ੀ ਵਿੱਚ ਲਾਤੀਨੀ ਭਾਸ਼ਾ ਦੇ (Novella) ਸ਼ਬਦ ਤੋਂ ਬਣਿਆ, ਜਿਸ ਦਾ ਮੂਲ ਅਰਥ ਹੈ ਸਮਾਚਾਰ, ਖ਼ਬਰ। ਇਸ ਦੇ ਅਰਥ ਸੰਬੰਧੀ ਸਹਿਜੇ-ਸਹਿਜੇ ਵਿਸਤਾਰ ਹੁੰਦਾ ਗਿਆ ਅਤੇ ਹੁਣ ਨਾਵਲ ਇੱਕ ਨਵੇਂ ਢੰਗ ਦੀ ਵਰਣਨਾਤਮਕ ਕਥਾ ਲਈ ਵਰਤਿਆ ਜਾਂਦਾ ਹੈ ਜੋ ਆਧੁਨਿਕ ਅਤੇ ਸੱਚੀ ਹੋਣ ਦਾ ਦਾਅਵਾ ਕਰਦੀ ਹੈ।

ਕੁਝ ਵਿਦਵਾਨ ਨਾਵਲ ਦੀ ਥਾਂ ਤੇ 'ਉਪਨਿਆਸ' ਸ਼ਬਦ ਦੀ ਵਰਤੋਂ ਵੀ ਕਰਦੇ ਹਨ। ਉਪਨਿਆਸ ਸ਼ਬਦ ਹਿੰਦੀ ਸਾਹਿਤ ਵਿੱਚ ਆਮ ਪ੍ਰਚੱਲਿਤ ਹੈ। ਉਪਨਿਆਸ ਦੋ ਸ਼ਬਦਾਂ ਦੇ ਸੰਯੋਗ ਨਾਲ਼ ਬਣਿਆ ਹੈ- ਉਪ ਅਤੇ ਨਿਆਸ। 'ਉਪ' ਦਾ ਅਰਥ ਹੈ ਸਾਹਮਣੇ ਜਾਂ ਕੋਲ਼ ਅਤੇ ਨਿਆਸ ਦਾ ਅਰਥ ਹੈ ਰੱਖਣਾ ਜਾਂ ਸਥਾਪਿਤ ਕਰਨਾ। ਇਸ ਤਰ੍ਹਾਂ ਉਪਨਿਆਸ ਦਾ ਸ਼ਾਬਦਿਕ ਅਰਥ ਹੋਇਆ, ਮਨੁੱਖ ਦੇ ਨੇੜੇ ਰੱਖੀ ਹੋਈ ਚੀਜ਼। ਇਸ ਦੀ ਵਿਆਖਿਆ ਕਰਦਿਆਂ ਕੁਝ ਵਿਦਵਾਨਾਂ ਦਾ ਮੱਤ ਹੈ ਕਿ ਉਪਨਿਆਸ ਤੋਂ ਭਾਵ ਹੈ ਉਹ ਵਸਤੂ ਜਾਂ ਰਚਨਾ ਜਿਸ ਨੂੰ ਪੜ੍ਹ ਕੇ ਇੰਝ ਮਹਿਸੂਸ ਹੋਏ ਕਿ ਉਹ ਸਾਡੀ ਆਪਣੀ ਹੈ, ਇਸ ਵਿੱਚ ਸਾਡੇ ਜੀਵਨ ਬਾਰੇ ਕੋਈ ਗੱਲ ਕਹੀ ਗਈ ਹੈ। ਕੁਝ ਵਿਦਵਾਨਾਂ ਨੇ ਇਸ ਦਾ ਅਰਥ ਇਹ ਕੀਤਾ ਹੈ ਕਿ ਉਪਨਿਆਸ ਉਹ ਰਚਨਾ ਹੈ ਜੋ ਜੀਵਨ ਦੀਆਂ ਗੁੰਝਲਾਂ ਅਤੇ ਮਨ ਦੀਆਂ ਗੰਢਾਂ ਨੂੰ ਸਪਸ਼ਟ ਕਰਕੇ ਪਾਠਕ ਦੇ ਸਾਹਮਣੇ ਰੱਖ ਦਿੰਦੀ ਹੈ। 'ਨਿਊ ਇੰਗਲਿਸ਼ ਡਿਕਸ਼ਨਰੀ' ਵਿੱਚ ਲਿਖਿਆ ਹੈ ਕਿ ਨਾਵਲ ਵੱਡੇ ਅਕਾਰ ਵਾਲ਼ਾ ਗੱਦ ਵਿੱਚ ਲਿਖਿਆ ਉਹ ਅਖਿਆਨ ਜਾਂ ਬਿਰਤਾਂਤ ਹੈ ਜਿਸ ਵਿੱਚ ਵਾਸਤਵਿਕ ਜੀਵਨ ਦੀ ਪ੍ਰਤੀਨਿਧਤਾ ਦਾ ਦਾਅਵਾ ਕਰਨ ਵਾਲ਼ੇ ਪਾਤਰਾਂ ਅਤੇ ਕਾਰਜਾਂ ਨੂੰ ਕਥਾਨਕ ਰਾਹੀਂ ਚਿਤਰਿਆ ਜਾਏ।

ਰਾਲਫ਼ ਫ਼ਾਕਸ ਦਾ ਮੰਨਣਾ ਹੈ ਕਿ ਨਾਵਲ ਕਲਪਨਾ-ਪ੍ਰਧਾਨ ਗੱਦ ਹੀ ਨਹੀਂ ਹੁੰਦਾ, ਸਗੋਂ ਉਹ ਮਾਨਵ ਜੀਵਨ ਦਾ ਗੱਦ ਹੈ। ਉਹ ਪਹਿਲੀ ਕਲਾ ਹੈ ਜਿਸ ਵਿੱਚ ਸੰਪੂਰਣ ਮਾਨਵ ਨੂੰ ਸਮੋਣ ਅਤੇ ਉਸ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਜਾਂਦਾ ਹੈ।

ਡਾ. ਰਤਨ ਸਿੰਘ ਜੱਗੀ ਅਨੁਸਾਰ "ਨਾਵਲ ਉਹ ਸਾਹਿਤਕ ਰੂਪ ਹੈ, ਜਿਸ ਵਿੱਚ ਮਾਨਵ ਜੀਵਨ ਦੇ ਵੱਖ-ਵੱਖ ਪੱਖਾਂ ਦਾ ਕਲਪਨਾਮਈ ਯਥਾਰਥ ਚਿਤਰਣ ਰਹਿੰਦਾ ਹੈ।" ਸੰਤ ਸਿੰਘ ਸੇਖੋਂ ਅਨੁਸਾਰ, "ਨਾਵਲ ਗੱਦ ਬਿਰਤਾਂਤ ਵਿਚ ਕਿਸੇ ਵਿਸ਼ੇਸ਼ ਘਟਨਾ-ਪ੍ਰਬੰਧ ਨੂੰ ਵਿਆਪਕ ਰੂਪ ਦੇਣ ਦੀ ਕਲਾ ਹੈ ਤੇ ਇਹ ਕਰਤੱਵ ਵਿੱਚ ਹੀ ਨਾਵਲ ਦਾ ਕਲਾ ਦੇ ਰੂਪ ਵਿੱਚ ਮਹੱਤਵ ਨਿਹਿਤ ਹੈ।" ਡਾ. ਮਹਿੰਦਰਪਾਲ ਕੋਹਲੀ ਅਨੁਸਾਰ, "ਨਾਵਲ ਉਹ ਗੱਦ ਰੂਪ ਹੈ ਜਿਸ ਵਿੱਚ ਘਟਨਾ ਜਾਂ ਘਟਨਾਵਾਂ ਦਾ ਕ੍ਰਮਬੱਧ ਬਿਆਨ ਹੁੰਦਾ ਹੈ, ਜਿਹੜੀਆਂ ਇੱਕ ਜਾਂ ਕਈ ਪਾਤਰਾਂ ਨਾਲ ਵਾਪਰੀਆਂ ਹੋਈਆਂ ਹੁੰਦੀਆਂ ਹਨ।

ਇਸ ਤਰ੍ਹਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਪਰਿਭਾਸ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਉਪਰੋਕਤ ਦਿੱਤੀਆਂ ਸਮੁੱਚੀਆਂ ਪਰਿਭਾਸ਼ਾਵਾਂ ਦੇ ਆਧਾਰ 'ਤੇ ਅਸੀਂ ਨਾਵਲ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰ ਸਕਦੇ ਹਾਂ ਕਿ "ਨਾਵਲ ਉਹ ਸਾਹਿਤਕ ਰੂਪ ਹੈ ਜਿਸ ਵਿੱਚ ਮਾਨਵ-ਜੀਵਨ ਦੇ ਵੱਖ-ਵੱਖ ਪੱਖਾਂ ਦਾ ਕਲਪਨਾਮਈ ਯਥਾਰਥ ਚਿਤਰਣ ਰਹਿੰਦਾ ਹੈ। ਇਸ ਨੂੰ ਮਾਨਵ-ਜੀਵਨ ਦਾ ਗੱਦਾਤਮਕ ਕਲਪਨਾਮਈ ਯਥਾਰਥਕ ਮਹਾਕਾਵਿ ਕਿਹਾ ਜਾ ਸਕਦਾ ਹੈ ਜਿਸ ਵਿੱਚ ਮਨੁੱਖ ਤੋਂ ਵੱਖਰੇ ਪਦਾਰਥਾਂ ਦਾ ਵੀ ਵਰਣਨ ਮਨੁੱਖ ਦੇ ਪ੍ਰਸੰਗ ਵਿੱਚ ਹੁੰਦਾ ਹੈ ਅਤੇ ਜੋ ਸੱਚਾਈ, ਸੁੰਦਰਤਾ ਅਤੇ ਲੇਖਕ ਦੀ ਅੰਤਰ-ਦ੍ਰਿਸ਼ਟੀ ਦੀ ਗੰਭੀਰਤਾ ਨਾਲ ਭਰਪੂਰ ਹੁੰਦਾ ਹੈ।"

ਨਾਵਲ ਦੇ ਸ਼ਾਬਦਿਕ ਅਰਥਾਂ ਅਤੇ ਪਰਿਭਾਸ਼ਾ ਬਾਰੇ ਵਿਚਾਰ ਚਰਚਾ ਕਰਨ ਤੋਂ ਬਾਅਦ ਅਸੀਂ ਮੁਸਤਨੱਸਰ ਹੁਸੈਨ ਤਾਰੜ ਦੇ ਨਾਵਲ 'ਪਖੇਰੂ' ਦੀ ਸਾਹਿਤਕ ਪੜਚੋਲ ਕਰਾਂਗੇ।

**ਵਿਸ਼ਾ:** ਨਾਵਲ ਵਿੱਚ ਪ੍ਰਗਟਾਈ ਗਈ ਵਿਚਾਰਧਾਰਾ, ਫਿਲਾਸਫ਼ੀ ਜਾਂ ਸਮੱਸਿਆ ਨੂੰ ਉਸ ਦਾ ਵਿਸ਼ਾ ਕਿਹਾ ਜਾਂਦਾ ਹੈ। ਨਾਵਲਕਾਰ ਲਈ ਜ਼ਰੂਰੀ ਹੁੰਦਾ ਹੈ ਕਿ ਜਿਸ ਵਿਸ਼ੇ ਨੂੰ ਉਹ ਆਪਣੇ ਨਾਵਲ ਵਿੱਚ ਚਿਤਰਨਾ ਚਹੁੰਦਾ ਹੈ, ਉਸ ਦਾ ਉਸ ਨੂੰ ਗੰਭੀਰ ਗਿਆਨ ਹੋਵੇ। ਜਿਨ੍ਹਾਂ ਵਿਸ਼ਿਆਂ ਬਾਰੇ ਲੇਖਕ ਨੂੰ ਗਿਆਨ ਨਹੀਂ, ਜੇ ਉਨ੍ਹਾਂ ਨੂੰ ਨਾਵਲ ਵਿੱਚ ਚਿਤਰਨ ਦਾ ਯਤਨ ਕਰੇਗਾ, ਤਾਂ ਨਿਸ਼ਚੇ ਹੀ ਉਹ ਨਾਵਲ ਬਹੁਤਾ ਚੰਗਾ ਨਹੀਂ ਹੋਵੇਗਾ। ਜਦ ਤੱਕ ਨਾਵਲਕਾਰ ਨੂੰ ਉਸ ਵਿਸ਼ੇ ਦਾ ਅਨੁਭਵ ਨਹੀਂ ਤਦ ਤੱਕ ਉਸ ਦਾ ਬਿਆਨ ਈਮਾਨਦਾਰੀ ਤੋਂ ਸੱਖਣਾ ਹੋਵੇਗਾ। ਇਸੇ ਲਈ ਹਡਸਨ ਦਾ ਵਿਚਾਰ ਸੀ ਕਿ ਉਹੀ ਨਾਵਲ ਮਹਾਨ ਹੋ ਸਕਦਾ ਹੈ ਜਿਸ ਦਾ ਆਕਾਰ, ਵਿਸਥਾਰਪੂਰਵਕ ਅਤੇ ਗੰਭੀਰ ਰੂਪ ਵਿੱਚ ਉਨ੍ਹਾਂ ਚੀਜ਼ਾਂ ਉੱਤੇ ਟਿਕਿਆ ਹੋਵੇ ਜੋ ਸਾਨੂੰ ਮਾਨਵ ਜੀਵਨ ਦੇ ਸੰਘਰਸ਼ਾਂ ਵਿੱਚ ਲਗਾਤਾਰ ਅਤੇ ਸੰਜੀਦਗੀ ਨਾਲ ਪ੍ਰਭਾਵਿਤ ਕਰਦੀਆਂ ਹਨ।" ਨਾਵਲਕਾਰ ਦੁਆਰਾ ਚੁਣਿਆ ਵਿਸ਼ਾ ਸਮਾਜ, ਇਤਿਹਾਸ, ਮਿਥਿਹਾਸ, ਕਲਪਨਾ, ਰਾਜਨੀਤੀ ਆਦਿ ਨਾਲ ਸੰਬੰਧਿਤ ਹੋ ਸਕਦਾ ਹੈ, ਪਰ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਨਾਵਲ ਵਿੱਚ ਸਿੱਧਾ ਪ੍ਰਚਾਰ ਨਹੀਂ ਹੁੰਦਾ। ਇਸ ਦੇ ਵਿਸ਼ੇ ਬਹੁਤ ਹੀ ਕਲਾਮਈ ਢੰਗ ਨਾਲ ਪੇਸ਼ ਕੀਤੇ ਜਾਂਦੇ ਹਨ।

ਮੁਸਤਨੱਸਰ ਹੁਸੈਨ ਤਾਰੜ ਦਾ ਨਾਵਲ "ਪਖੇਰੂ" ਅਜਿਹੇ ਵਿਅਕਤੀ ਦੇ ਜੀਵਨ ਦਾ ਬਿਰਤਾਂਤ ਹੈ ਜੋ ਬਚਪਨ ਦੀ ਮਾਸੂਮੀਅਤ ਤੋਂ ਅੱਗੇ ਲੰਘ ਜਵਾਨੀ 'ਚ ਸਰਮਾਏਦਾਰੀ ਪ੍ਰਬੰਧ ਦੇ ਕਠੋਰ ਯਥਾਰਥ ਨਾਲ਼ ਟਾਕਰਾਉਂਦਾ ਹੈ। ਪਖੰਡ ਭਰੇ ਮਾਹੌਲ ਵਿੱਚ ਜੀਣਾ ਉਸ ਲਈ ਔਖਾ ਹੋ ਜਾਂਦਾ ਹੈ। ਇਸ ਸਮਾਜਿਕ ਪ੍ਰਬੰਧ ਤੋਂ ਉਪਰਾਮ ਹੋਇਆ, ਉਹ ਮਨੁੱਖ ਵਿਰੋਧੀ ਕਦਰਾਂ-ਕੀਮਤਾਂ ਨੂੰ ਤਿਲਾਜਲੀ ਦੇ ਦਿੰਦਾ ਹੈ ਤੇ ਉਨ੍ਹਾਂ ਲੋਕਾਂ ਨਾਲ਼ ਰਹਿੰਦਿਆਂ ਜੀਵਨ ਜਿਉਣ ਤੋਂ ਇਨਕਾਰੀ ਹੋ ਜਾਂਦਾ ਹੈ ਜੋ ਲੋਕਾਂ ਦਾ ਖ਼ੂਨ ਪੀਂਦੀਆਂ ਹਨ। ਕਿਸੇ 'ਤੇ ਰੱਤੀ ਭਰ ਵੀ ਤਰਸ ਨਹੀਂ ਕਰਦੀਆਂ ਤੇ ਰੜ੍ਹੇ ਮੈਦਾਨ ਵਿੱਚ ਆ ਖਲੋਂਦਾ ਹੈ, ਜਿੱਥੇ ਆ ਕੇ ਉਹ ਕ੍ਰਾਂਤੀ ਖਾਤਰ ਪ੍ਰਤਿਕੂਲ ਪ੍ਰਸਥਿਤੀਆਂ ਖਿਲਾਫ਼ ਅਵਾਜ਼ ਬੁਲੰਦ ਕਰਦਾ ਹੈ ਅਤੇ ਪਾਕਿਸਤਾਨੀ ਸਮਾਜਕ-ਸਭਿਆਚਾਰਕ ਸਮਾਜ ਦੀਆਂ ਨੀਂਹਾਂ ਖੋਖਲੀਆਂ ਕਰਨ ਵਾਲ਼ੇ ਸਰਮਾਏਦਾਰਾਂ, ਭ੍ਰਿਸ਼ਟ ਅਫ਼ਸਰਾਂ ਦੀਆਂ ਕਾਲ਼ੀਆਂ ਕਰਤੂਤਾਂ ਨੂੰ ਉਜਾਗਰ ਕਰਦਾ ਹੈ। ਆਪ ਸ਼ੋਸਣਵਾਦੀ, ਪੱਖਪਾਤੀ

ਤੇ ਪਾਖੰਡੀ ਬੁਨਿਆਦਾਂ ਉੱਪਰ ਉਸਰੇ ਸਮਾਜ ਨਾਲ ਸਮਝੌਤਾ ਕਰਨ ਤੋਂ ਇਨਕਾਰੀ ਹੁੰਦਾ ਹੈ। ਸੋ ਇਸ ਨਾਵਲ ਦਾ ਵਿਸ਼ਾ ਮਨੁੱਖ ਤੇ ਪਖੇਰੂ ਦੇ ਚਿੰਨਾਂ ਦੁਆਰਾ ਪਾਕਿਸਤਾਨੀ ਸਮਕਾਲੀ ਸਮਾਜ ਵਿੱਚ ਇਨਸਾਨੀ ਦੁਰਦਸ਼ਾ ਨੂੰ ਚਿਤਰਨਾ ਹੈ।

**ਪਲਾਟ:** ਕਹਾਣੀ ਨੂੰ ਵਿਸ਼ੇਸ਼ ਤਰਤੀਬ ਵਿੱਚ ਪੇਸ਼ ਕਰਨਾ ਹੀ ਪਲਾਟ ਅਖਵਾਉਂਦਾ ਹੈ। ਪਲਾਟ ਕਹਾਣੀ ਦੀਆਂ ਘਟਨਾਵਾਂ ਦਾ ਸੰਵਾਰਿਆ ਹੋਇਆ, ਸਾਧਿਆ ਹੋਇਆ ਤੇ ਕਿਸੇ ਉਦੇਸ਼ ਜਾਂ ਮੰਤਵ ਦੀ ਪੂਰਤੀ ਲਈ ਬਦਲਿਆ ਹੋਇਆ ਰੂਪ ਹੈ, ਬਨਾਵਟ ਪਲਾਟ ਦਾ ਮੁੱਖ ਲੱਛਣ ਹੈ। ਜੀਵਨ ਦੀ ਕੋਈ ਘਟਨਾ ਆਪਣੇ–ਆਪ ਵਿਚ ਅਜਿਹਾ ਸਾਧਿਆ ਹੋਇਆ ਰੂਪ ਘੱਟ ਹੀ ਰੱਖਦੀ ਹੈ, ਪਰ ਸਾਹਿਤ ਵਿੱਚ ਇਸ ਸਾਧਨਾ ਤੇ ਬਨਾਵਟ ਦੀ ਘੱਟ ਹੀ ਲੋੜ ਪੈਂਦੀ ਹੈ, ਕਿਉਂ ਜੋ ਸਾਹਿਤ ਜੀਵਨ ਦੀ ਹੂ–ਬ–ਹੂ ਨਕਲ ਨਹੀਂ, ਇੱਕ ਉਚੇਰੇ ਆਦਰਸ਼ ਵਾਲ਼ਾ ਚਿੱਤਰ ਹੈ। ਜਦੋਂ ਘਟਨਾਵਾਂ ਵਿੱਚ ਬਨਾਵਟ ਜਾਂ ਸਾਧਨਾ ਰਾਹੀਂ ਅਰਥ ਪੈਦਾ ਕੀਤੇ ਜਾਂਦੇ ਹਨ, ਤਾਂ ਉਹ ਪਲਾਟ ਬਣ ਜਾਂਦਾ ਹੈ। 'ਪਖੇਰੂ' ਨਾਵਲ ਦਾ ਪਲਾਟ ਪਾਕਿਸਤਾਨੀ ਜੀਵਨ ਵਿਚੋਂ ਲਿਆ ਗਿਆ ਹੈ। ਇਸ ਨਾਵਲ ਨੂੰ ਨਾਵਲਕਾਰ ਨੇ ਬੜੀ ਕਲਾਤਮਿਕਤਾ ਨਾਲ ਗੁੰਦਿਆ ਹੈ। ਹਰ ਘਟਨਾ ਦੂਸਰੀ ਘਟਨਾ ਨਾਲ਼ ਲੜੀ ਵਾਂਗ ਪਰੋਈ ਹੋਈ ਹੈ। ਨਾਵਲ ਦੀਆਂ ਗਤੀਵਿਧੀਆਂ ਵਿਚ ਮਾਨਵ ਤੇ ਪਖੇਰੂ ਦੋਵੇਂ ਪਾਤਰ ਆਪਣੇ ਨਾਲ ਆਪਣੇ ਪੁਰਾਤਨ ਵਿਰਸੇ ਨਾਲ ਜੁੜੀਆਂ ਦੁਖਾਂਤਕ ਯਾਦਾਂ ਨਾਲ ਲੈਸ ਸ਼ਹਿਰ ਤੋਂ ਬਾਹਰ ਇੱਕ ਉਜਾੜ, ਸੁੰਨਸਾਨ, ਵਿਰਾਨ ਧਰਤ 'ਤੇ ਮਿਲਦੇ ਹਨ, ਆਪਣੀਆਂ ਮੁਸ਼ਕਿਲਾਂ ਇਕ ਦੂਜੇ ਨੂੰ ਬਿਆਨ ਕਰਦੇ ਹਨ ਪਰ ਦੋਵੇਂ ਇਨ੍ਹਾਂ ਮੁਸ਼ਕਿਲਾਂ ਦਾ ਹੱਲ ਪੇਸ਼ ਕਰਨ ਤੋਂ ਅਸਮਰੱਥ ਹਨ। ਇਹ ਸਾਰਾ ਬਿਰਤਾਂਤ ਮਹਿਜ਼ ਯਾਦਾਂ ਦਾ ਆਦਾਨ–ਪ੍ਰਦਾਨ ਮਹਿਸੂ ਹੁੰਦਾ ਹੈ। ਪਿਛਲਝਾਤ ਦੀ ਤਕਨੀਕ ਰਾਹੀਂ ਮਾਨਵੀ ਪਾਤਰ 'ਬੰਦੇ' ਦੀ ਬੀਤ ਚੁੱਕੀ ਉਮਰ ਦੇ ਵੇਰਵੇ ਪੇਸ਼ ਕੀਤੇ ਗਏ ਹਨ। ਨਾਵਲਕਾਰ ਪਹਿਲਾਂ ਬੰਦੇ ਦੀ ਜਾਣ–ਪਛਾਣ ਕਰਵਾਉਂਦਾ ਹੈ ਤੇ ਫਿਰ ਵਿਸਥਾਰ ਵਿੱਚ ਉਸ ਦੇ ਨਾਲ ਸੰਬੰਧਿਤ ਵੇਰਵਿਆਂ ਨੂੰ ਪਰਤ–ਦਰ–ਪਰਤ ਉਘਾੜਦਾ ਜਾਂਦਾ ਹੈ। ਤਾਰੜ ਨੇ ਨਾਵਲ ਦੇ ਪਲਾਟ ਸਿਰਜਣਾ ਵਿੱਚ ਬੜੀ ਮੁਹਾਰਤ ਦਿਖਾਈ ਹੈ। ਨਾਵਲ ਪਲਾਟ ਸਿਰਜਣਾ ਦਾ ਆਰੰਭ ਹੀ ਸਿਖ਼ਰ ਹੋ ਗਿਆ ਜਾਪਦਾ ਹੈ ਜਿਵੇਂ:–

ਇਕ ਗਿਰਝ ਦੂਜੀ ਨੂੰ ਆਖਿਆ, "ਹੇਠਾਂ ਵੇਖ।"

ਦੂਜੇ ਗਿਰਝ ਖੰਭ ਖਿਲਾਰੇ, "ਕੁਝ ਵੀ ਨਹੀਂ...। ਇੱਕ ਬੰਦਾ ਏ, ਉਜਾੜ ਰੜਾ ਮੈਦਾਨ ਏ, ਇੱਕ ਟੁੰਡ ਏ ਬਸ! ਖਾਣ ਆਲੀ ਕਾਈ ਸ਼ੈਅ ਨਈਂ...।"

"ਬੰਦਾ ਈ ਤਾਂ ਖਾਣ ਆਲੀ ਸ਼ੈਅ ਹੁੰਦ ਏ ਕਮਲਿਆ...।"

**ਚਰਿੱਤਰ-ਚਿਤਰਣ**

ਨਾਵਲ ਵਿੱਚ ਪਾਤਰਾਂ ਦੇ ਚਰਿੱਤਰ–ਚਿਤਰਣ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ ਕਿਉਂਕਿ ਨਾਵਲ ਜੀਵਨ ਨਾਲ਼ ਸੰਬੰਧਿਤ ਹੈ, ਇਸ ਲਈ ਜ਼ਰੂਰੀ ਹੈ ਕਿ ਨਾਵਲ ਦੇ ਸਾਰੇ ਪਾਤਰ ਸਜੀਵ ਹੋਣ, ਸੁਭਾਵਿਕ ਹੋਣ ਅਤੇ ਉਨ੍ਹਾਂ ਦਾ ਚਿਤਰਣ ਸਹਿਜ ਢੰਗ ਨਾਲ਼ ਹੋਵੇ। ਜੋ ਪਾਤਰ ਸੁਭਾਵਿਕ ਨਹੀਂ ਜਾਂ ਆਮ ਜੀਵਨ ਵਿੱਚ ਵਿਚਰ ਰਹੇ ਵਿਅਕਤੀਆਂ ਵਰਗੇ ਨਹੀਂ ਹੁੰਦੇ, ਉਹ ਕਦੇ ਵੀ ਪਾਠਕਾਂ ਦੇ ਮਨ ਉੱਤੇ ਪ੍ਰਭਾਵ ਨਹੀਂ ਪਾ ਸਕਦੇ। ਕਿਸੇ ਨਾਵਲਕਾਰ ਦੀ ਸਫ਼ਲਤਾ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਉਸ ਦੇ ਨਾਵਲ ਵਿਚ ਚਿਤਰੇ ਪਾਤਰ ਕਿੰਨੇ ਲੰਮੇ ਸਮੇਂ ਤੱਕ ਪਾਠਕਾਂ ਉੱਤੇ ਆਪਣਾ ਪ੍ਰਭਾਵ ਪਾਈ ਰੱਖਦੇ ਹਨ। ਇਸੇ ਲਈ ਡਾ. ਸੂਰੀ ਲਿਖਦੇ ਹਨ ਕਿ "ਨਾਵਲਕਾਰ ਆਪਣਾ ਸਾਰਾ ਧਿਆਨ ਉਨ੍ਹਾਂ ਲੋਕਾਂ ਦੀ ਤਸਵੀਰ ਪੇਸ਼ ਕਰਨ ਵਿੱਚ ਲਗਾਵੇ, ਜਿਨ੍ਹਾਂ ਬਾਰੇ ਉਹ ਨਾਵਲ ਲਿਖ ਰਿਹਾ ਹੈ।"

ਮੁਸਤਨੱਸਰ ਹੁਸੈਨ ਤਾਰੜ ਨੇ ਇਸ ਨਾਵਲ ਦੇ ਪਾਤਰਾਂ ਦੀ ਚਰਿੱਤਰ ਉਸਾਰੀ ਬੜੇ ਕਲਾਮਈ ਅਤੇ ਪ੍ਰਤੀਕਆਤਮਿਕ ਰੂਪ ਵਿੱਚ ਕੀਤੀ ਹੈ। ਇਸ ਨਾਵਲ ਦੇ ਸਿਰਫ਼ ਤਿੰਨੇ ਪਾਤਰ ਹਨ, ਬੰਦਾ, ਪਖੇਰੂ, ਅਤੇ ਟੁੰਡ। ਮੁੱਖ ਪਾਤਰ ਬੰਦਾ ਹੈ ਜੋ ਸੱਚ ਸਰੂਪ 'ਚ ਰਿਸ਼ਵਤਖੋਰੀ ਨਾਲ ਬਣੇ ਸਰਮਾਏਦਾਰਾਂ ਨੂੰ ਭਵਿੱਖ ਵਿੱਚ ਮੁਸ਼ਕਿਲ ਵਿੱਚ ਪਾ ਸਕਦਾ ਹੈ। ਇਸ ਲਈ ਉਸਦਾ ਬੋਲਿਆ ਸੱਚ 'ਜ਼ਨਾ' ਬਣ ਜਾਂਦਾ ਹੈ ਅਤੇ ਮਜ਼ਹਬ ਉੱਪਰ ਆਧਾਰਿਤ ਇਹ ਮੁਆਸ਼ਰੇ ਅੰਦਰ ਅਫ਼ਸਰ ਵੱਲੋਂ ਕੀਤਾ ਕੁਕਰਮ, ਮਨਸੂਬਾਬੰਦੀ ਦੇ ਦਫ਼ਤਰ ਵਿੱਚਲੇ ਪ੍ਰਤੀਕ ਰਾਹੀਂ ਸਪੱਸ਼ਟਤਾ ਗ੍ਰਹਿਣ ਕਰਦਾ ਹੈ। ਮੁੱਖ ਪਾਤਰ ਨਾਲ ਸੰਬੰਧਿਤ ਪ੍ਰਸਥਿਤੀਆਂ ਉਹਨੂੰ ਜੀਉਣ ਵੀ ਨਹੀਂ ਦਿੰਦੀਆਂ ਤੇ ਮਰਨ ਵੀ ਨਹੀਂ। ਬਾਹਰੀ ਵਾਤਾਵਰਣ ਪ੍ਰਤੀਕ ਹੈ, ਪ੍ਰਤੀਕੂਲ ਪ੍ਰਸਥਿਤੀਆਂ ਦਾ। ਇਨ੍ਹਾਂ ਨਾਲ ਨਜਿੱਠਣ ਲਈ ਉਹਦੇ ਅੰਦਰਲਾ ਸੱਚ ਹੀ ਸੰਘਰਸ਼ ਦਾ ਇੱਕ ਮਾਤਰ ਸ੍ਰੋਤ ਹੈ।

ਨਾਵਲ ਵਿੱਚ ਵਿਸ਼ੇਸ਼ ਅਹਿਮੀਅਤ ਵਾਲ਼ਾ ਪਾਤਰ 'ਪਖੇਰੂ' ਹੈ। ਜੋ ਮਨੁੱਖੀ ਸੋਚ ਦੀ ਆਜ਼ਾਦ ਉਡਾਰੀ ਦਾ ਪ੍ਰਤੀਕ ਹੈ। ਉਹ ਆਪਣੀ ਡਾਰ ਤੋਂ ਅਲੱਗ ਹੋ ਚੁੱਕਾ ਹੈ, ਕਿਉਂਕਿ ਉਹਨੂੰ ਸਿਰਫ਼ ਆਪਣੇ ਪਖੇਰੂ ਹੋਣ 'ਤੇ ਮਾਣ ਹੈ। ਉਹ ਹੋਰ ਜਨੌਰਾਂ ਵਾਂਗ ਆਪਣੇ ਵਿਸ਼ੇਸ਼ ਗੁਣਾਂ ਕਾਰਨ ਹੰਕਾਰ ਨਹੀਂ ਰੱਖਦਾ। ਤੀਸਰਾ ਪਾਤਰ 'ਟੁੰਡ' ਹੈ। ਇਹ ਪ੍ਰਤੀਕ ਹੈ ਵਿਅਕਤੀ ਆਪੇ ਦੀ ਚੁੱਪ ਦਾ। ਇਹ ਪਾਤਰ ਵਿਅਕਤੀਆਂ ਵਾਲੀਆਂ ਭਾਵਨਾਵਾਂ ਰੱਖਦਾ ਹੈ। ਪਰ ਇਹ ਬੋਲਦਾ ਕੁਝ ਨਹੀਂ ਕਿਉਂਕਿ ਉਹ ਵੀ ਆਪਣੇ ਭਾਈ ਬੰਦਾਂ ਹੱਥੋਂ ਇਸ ਰੜ੍ਹੇ ਮੈਦਾਨ ਵਿੱਚ ਪਹੁੰਚਿਆ ਹੈ।

**ਵਾਰਤਾਲਾਪ**

ਨਾਵਲ ਦੇ ਪਾਤਰਾਂ ਵਿੱਚ ਜੋ ਗੱਲਬਾਤ ਹੁੰਦੀ ਹੈ, ਉਸਨੂੰ ਵਾਰਤਾਲਾਪ ਕਿਹਾ ਜਾਂਦਾ ਹੈ। ਵਾਰਤਾਲਾਪ ਕਥਾ–ਵਸਤੂ ਨੂੰ ਵਿਸਥਾਰ ਦਿੰਦਾ ਹੈ। ਇਸ ਨਾਲ ਨਾਵਲ ਵਿੱਚ ਸਜੀਵਤਾ ਅਤੇ ਨਾਟਕੀਅਤਾ ਆਉਂਦੀ ਹੈ। ਇਸ ਨਾਲ ਕਥਾਨਕ ਵਿੱਚ ਰੋਚਕਤਾ ਵੀ ਵੱਧਦੀ ਹੈ। ਵਾਰਤਾਲਾਪ ਚਰਿੱਤਰ–ਚਿਤਰਨ ਵਿੱਚ ਵੀ ਸਹਾਇਤਾ ਕਰਦੀ ਹੈ। ਆਪਣੇ ਬਾਰੇ ਅਤੇ ਦੂਜਿਆਂ ਬਾਰੇ ਕਹਿਣ ਦੀ ਬਿਰਤੀ ਮਨੁੱਖ ਦੇ ਜਨਮ ਤੋਂ ਹੀ ਵਿਕਸਿਤ ਰਹੀ ਹੈ। ਵਾਰਤਾਲਾਪ ਨਾ ਕੇਵਲ ਪਾਤਰਾਂ ਦੇ

ਚਰਿੱਤਰ ਨੂੰ ਹੀ ਉਘਾੜਦਾ ਹੈ ਸਗੋਂ ਹੋਰਨਾਂ ਦੇ ਚਰਿੱਤਰ ਉੱਤੇ ਵੀ ਪ੍ਰਕਾਸ਼ ਪਾਉਂਦਾ ਹੈ। ਇਹ ਨਾਵਲ ਵਿੱਚ ਸਥਾਨਿਕ ਰੰਗ ਲਿਆਉਂਦਾ ਹੈ। ਵਾਰਤਾਲਾਪ ਉਹੀ ਸਫ਼ਲ ਹੈ ਜੋ ਸੁਭਾਵਿਕ ਅਤੇ ਪਾਤਰਾਂ ਦੀ ਸ਼ਖ਼ਸੀਅਤ ਅਨੁਸਾਰ ਹੋਵੇ। ਇਹ ਢੁਕਵੀਂ ਅਤੇ ਨਾਟਕੀ ਹੋਣੀ ਚਾਹੀਦੀ ਹੈ। ਸੰਖੇਪਤਾ, ਸੁਭਾਵਿਕਤਾ ਅਤੇ ਨਾਟਕੀਅਤਾ, ਵਾਰਤਾਲਾਪ ਨੂੰ ਵਧੇਰੇ ਰੌਚਕ ਬਣਾਉਂਦੇ ਹਨ।

ਮੁਸਤਨੱਸਰ ਹੁਸੈਨ ਤਾਰੜ ਨੇ ਇਸ ਨਾਵਲ ਦੇ ਪਾਤਰਾਂ ਦੇ ਸੁਭਾਅ ਅਨੁਸਾਰ ਬੇਹੱਦ ਰੋਚਕ ਅਤੇ ਸੁਭਾਵਿਕ ਵਾਰਤਾਲਾਪ ਦੀ ਵਰਤੋਂ ਕੀਤੀ ਹੈ। ਇਸ ਵਾਰਤਾਲਾਪ ਵਿੱਚੋਂ ਨਾਟਕੀ ਅੰਸ਼ਾਂ ਦੀ ਦ੍ਰਿਸ਼ਤਾ ਵਧੇਰੇ ਨਜ਼ਰੀਂ ਪੈਂਦੀ ਹੈ। ਨਾਵਲਕਾਰ ਨੇ ਸਾਰੇ ਨਾਵਲੀ–ਬਿਰਤਾਂਤ ਵਿੱਚ ਵਿਅੰਗ ਦੀ ਜੁਗਤ ਖੁੱਲ੍ਹ ਕੇ ਵਰਤੀ ਹੈ। ਨਾਵਲੀ–ਕਥਾ ਦੀ ਸ਼ੁਰੂਆਤ ਦੇ ਨਾਲ ਹੀ ਬਿਰਤਾਂਤਕਾਰ ਜ਼ਰੀਏ ਨਾਵਲਕਾਰ ਨੇ ਪਾਕਿਸਤਾਨੀ ਸਮਾਜ ਅੰਦਰਲੀ ਬਿਖ਼ਰੀ ਸਮਾਜਿਕ ਸਥਿਤੀ ਵੱਲ ਇਸ਼ਾਰਾ ਕੀਤਾ ਹੈ। ਅਜਿਹੀ ਸਮਾਜਿਕ ਸਥਿਤੀ ਗਿਰਝਾਂ ਦੇ ਆਪਸੀ ਵਾਰਤਾਲਾਪ ਰਾਹੀਂ ਸਾਹਮਣੇ ਆਉਂਦੀ ਹੈ–

"ਤੂੰ ਮੋਇਆਂ ਹੋਇਆਂ ਦੀਆਂ ਗੱਲਾਂ ਕਰਨਾ ਏ... ਕਦੀ ਕਿਸੇ ਜਿਉਂਦੇ ਜਾਗਦੇ ਜੁੱਸੇ ਵਿੱਚ ਚੁੰਝ ਮਾਰੀਆਂ?"

"ਨਈਂ"... ਦੂਜੇ ਗਿਰਝ ਇੱਕ ਭੁੱਖਾ ਹਉਕਾ ਭਰਿਆ– "ਕਦੀ–ਨਈਂ ਮਾਰੀ।"

"ਤੇ ਫਿਰ ਆਪਣੀ ਚੁੰਝ ਹੋਰ ਤੇਜ਼ ਕਰ ਲੈ... ਮੋਏ ਹੋਏ ਬੰਦੇ ਖਾਣ ਦੇ ਵੇਲੇ ਲੰਘ ਗਏ। ਹੁਣ ਜ਼ਮੀਨਾਂ ਉੱਤੇ ਅਜਿਹੇ ਕਾਨੂੰਨ ਬਣ ਗਏ ਨੇ... ਪਈ ਸਾਰੇ ਸੋਚਣ ਸਮਝਣ ਆਲੇ ਬੰਦੇ ਜਿਉਂਦਿਆਂ ਜਾਗਦਿਆਂ ਮਰ ਗਏ ਨੇ... ਅਸਾਂ ਖਾ–ਖਾ ਆਫ਼ਰ ਜਾਣਾ ਏ... ਪਰ ਉਨ੍ਹਾਂ ਨਹੀਂ ਮੁੱਕਣਾ...।"

**ਦੇਸ਼ ਕਾਲ ਜਾਂ ਵਾਤਾਵਰਣ**

ਨਾਵਲ ਦੀ ਕਥਾ–ਵਸਤੂ ਕਿਸੇ ਖ਼ਾਸ ਕਾਲ, ਦੇਸ਼ ਜਾਂ ਵਾਤਾਵਰਣ ਵਿੱਚ ਘਟਿਤ ਹੁੰਦੀ ਹੈ। ਇਸ ਲਈ ਨਾਵਲਕਾਰ ਨੂੰ ਆਪਣੀ ਕਥਾ–ਵਸਤੂ ਨੂੰ ਸੁਭਾਵਿਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਦੇਸ਼, ਕਾਲ ਅਤੇ ਵਾਤਾਵਰਣ ਤੋਂ ਚੰਗੀ ਤਰ੍ਹਾਂ ਨਾਲ਼ ਵਾਕਫ਼ਕਾਰ ਹੋਣਾ ਚਾਹੀਦਾ ਹੈ। ਨਾਵਲਕਾਰ ਦੀ ਸਫ਼ਲਤਾ ਬਹੁਤ ਕੁਝ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਉਸਨੇ ਉਸ ਦੇਸ਼ ਅਤੇ ਕਾਲ ਦਾ ਚਿਤਰਣ ਕਿੰਨਾ ਯਥਾਰਥ ਅਤੇ ਸਜੀਵ ਕੀਤਾ ਹੈ। ਵਾਤਾਵਰਣ ਦੇ ਚਿਤਰਣ ਵਿੱਚ ਭਾਵੇਂ ਨਾਵਲਕਾਰ ਨੂੰ ਸੁਤੰਤਰਤਾ ਹੁੰਦੀ ਹੈ ਪਰ ਇਹ ਚਿਤਰਣ ਘਟਨਾ ਦੇ ਅਨੁਸਾਰ ਹੀ ਹੋਣਾ ਚਾਹੀਦਾ ਹੈ। ਪਾਤਰਾਂ ਦੇ ਭਾਵਾਂ ਨੂੰ ਠੀਕ ਢੰਗ ਨਾਲ ਅਭਿਵਿਅਕਤ ਕਰਨ ਲਈ ਪ੍ਰਾਕ੍ਰਿਤਿਕ ਵਾਤਾਵਰਣ ਦਾ ਸਿਰਜਣ ਮਨ ਦੀ ਸਥਿਤੀ ਦੇ ਅਨੁਕੂਲ ਅਤੇ ਮਨ ਦੀ ਸਥਿਤੀ ਦੇ ਵਿਰੋਧ ਵਜੋਂ ਕੀਤਾ ਜਾਂਦਾ ਹੈ। ਨਾਵਲਕਾਰ ਤਾਰੜ ਨੇ ਇਸ ਨਾਵਲ ਵਿੱਚ ਪਾਕਿਸਤਾਨੀ ਸਮਾਜ ਦੀ ਤਸ਼ਵੀਰ ਨੂੰ ਚਿਤਰਿਆ ਹੈ। ਇਸ ਨਾਵਲ ਦਾ ਬਿਰਤਾਂਤਕ ਸਥਾਨ ਇੱਕ ਉਜਾੜ ਰੜਾ ਮੈਦਾਨ ਹੈ, ਜਿੱਥੇ ਇੱਕ ਬੰਦਾ, ਟੁੰਡ ਅਤੇ ਪਖੇਰੂ ਹਨ ਜੋ ਆਪਣਿਆਂ ਤੋਂ ਵਿਛੜ ਕੇ ਇਥੇ ਪਹੁੰਚੇ ਹਨ। ਉਜਾੜ ਰੜੇ

ਮੈਦਾਨ ਵਿੱਚ ਖਲੋਤੇ ਹੋਏ ਇਕੱਲੇ ਬੰਦੇ ਦੇ ਸਿਰ ਉੱਪਰ ਗਿਰਝਾਂ ਦਾ ਮੌਤ ਰੂਪੀ ਪਰਛਾਵਾਂ ਮੰਡਰਾ ਰਿਹਾ ਹੈ। ਬੰਦਾ ਉਜਾੜ ਰੜੇ ਮੈਦਾਨ ਵਿੱਚ ਇਕੱਲਾ ਕੀ ਕਰ ਰਿਹਾ ਹੈ? ਇਸ ਪ੍ਰਸ਼ਨ ਦਾ ਉੱਤਰ ਤਾਰਕ ਫਲੈਸ ਬੈਕ ਵਿਧੀ ਰਾਹੀਂ ਨਾਵਲੀ ਬਿਰਤਾਂਤ ਬੁਣ ਕੇ ਦਿੰਦਾ ਹੈ। ਇਸ ਸਾਰੇ ਬਿਰਤਾਂਤ ਨੂੰ ਨਾਵਲਕਾਰ ਦ੍ਰਿਸ਼ਮਈ ਰੂਪ ਵਿੱਚ ਚਿਤਰਦਾ ਹੈ–

"ਇੱਕ ਉਜਾੜ ਰੜਾ ਮੈਦਾਨ... ਜੀਹਦਾ ਅੰਤ ਕੋਈ ਨਾ... ਬੇਹਸਾਬਾ... ਚਿੱਟੀ ਕਲਗਠੀ ਜ਼ਮੀਨ ਜਿੱਥੋਂ ਤੀਕ ਨਜ਼ਰ ਅੱਪੜੇ ਕੱਲਰ ਡਲ੍ਹਕਾਂ ਮਾਰਦਾ ਹੋਇਆ... ਵਿਚਕਾਰ ਇੱਕ ਬੰਦਾ... ਕੱਲਮ–ਕੱਲਾ ਜਿਵੇਂ ਸਾਹ ਡੱਕ ਕੇ ਖਲੋਤਾ ਹੋਵੇ, ਜਿਵੇਂ ਪੱਥਰ ਦਾ ਬਾਵਾ ਹੋਵੇ... ਉਹਦੇ ਆਲੇ–ਦੁਆਲੇ ਵੀ ਕਾਈ ਸ਼ੈਅ ਨਹੀਂ ਸੀ। ਸਿਵਾਏ ਇੱਕ ਟੁੰਡ ਦੇ। ਪੱਤਰਾਂ ਤੇ ਸ਼ਾਖਾਂ ਤੋਂ ਬਗੈਰ... ਬੰਦਾ ਤੇ ਟੁੰਡ।

ਦੋਵੇਂ ਸ਼ੈਆਂ ਗਿਰਝਾਂ ਨੂੰ ਇੰਝ ਜਾਪਦੀਆਂ ਜਿਵੇਂ ਕਿਸੇ ਨੇ ਪੱਥਰ ਦੀਆਂ ਮੂਰਤਾਂ ਘੜ ਕੇ ਉਸੇ ਪੱਧਰੇ ਮੈਦਾਨ ਵਿਚਕਾਰ ਖਲ਼ਾਰ ਦਿੱਤੀਆਂ ਨੇ।"

**ਸ਼ੈਲੀ**

ਸ਼ੈਲੀ ਅਭਿਵਿਅਕਤੀ ਦਾ ਢੰਗ ਹੈ। ਹਰ ਨਾਵਲਕਾਰ ਦੀ ਸ਼ੈਲੀ ਆਪਣੀ ਨਿਵੇਕਲੀ ਹੁੰਦੀ ਹੈ। ਸ਼ੈਲੀ ਦਾ ਸਰਲ, ਰੋਚਕ ਅਤੇ ਸਪੱਸ਼ਟ ਹੋਣਾ ਬਹੁਤ ਜ਼ਰੂਰੀ ਹੈ। ਤਾਰਕ ਨੇ ਵੀ 'ਪਖੇਰੂ' ਨਾਵਲ ਵਿੱਚ ਸਾਦੀ ਸਪੱਸ਼ਟ, ਰੌਚਕ ਸ਼ੈਲੀ ਦੀ ਵਰਤੋਂ ਕੀਤੀ ਹੈ। ਜਿਸ ਨੂੰ ਪਾਠਕ ਬਿਨ੍ਹਾਂ ਕਿਸੇ ਮਾਨਸਿਕ ਤਨਾਉ ਦੇ ਸਮਝ ਸਕਦਾ ਹੈ। ਤਾਰਕ ਵਿਆਖਿਆ ਰਹਿਤ, ਬਿਰਤਾਂਤ ਭਰਪੂਰ ਨਾਟਕੀ ਸ਼ੈਲੀ ਦੀ ਵਰਤੋਂ ਕਰਦਾ ਹੈ। ਸਮੁੱਚੇ ਨਾਵਲੀ–ਬਿਰਤਾਂਤ ਵਿੱਚ ਨਾਟਕੀ ਸਥਿਤੀਆਂ ਦੀ ਭਰਮਾਰ ਹੈ। ਉਜਾੜ ਰੜ੍ਹਾ ਮੈਦਾਨ ਸਟੇਜ ਵਜੋਂ ਚਿਤਰਿਆ ਗਿਆ ਹੈ। ਬਿਰਤਾਂਤਕਾਰ ਸੂਤਰਧਾਰ ਵਜੋਂ ਕਾਰਜ ਨਿਭਾਉਂਦਾ ਹੈ ਅਤੇ ਕਈ ਵਾਰ ਕਥਾ ਨੂੰ ਰੋਕ ਕੇ ਕਹਾਣੀ ਬਾਰੇ ਗੱਲਾਂ ਕਰਦਾ ਹੈ। ਪਿੱਛਲਝਾਤ ਰਾਹੀਂ ਬੰਦੇ ਦੀ ਹਯਾਤੀ ਨਾਲ ਸੰਬੰਧਿਤ ਮੁੱਖ ਘਟਨਾਤਮਕ ਕਾਰਜ ਪੇਸ਼ ਕਰਦਾ ਹੈ। ਨਾਟਕੀ ਸ਼ੈਲੀ ਵਿੱਚ ਵਰਤੀ ਗਈ ਸ਼ਬਦਾਵਲੀ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਨਾਵਲਕਾਰ ਪੇਂਡੂ ਰਹਿਤਲ, ਵਸਤੂਆਂ ਦੇ ਨਾਵਾਂ ਬਾਰੇ ਚੰਗੀ ਸੋਝੀ ਰੱਖਦਾ ਹੈ। ਇਸੇ ਲਈ ਨਾਵਲਕਾਰ ਪੇਂਡੂ ਮਾਹੌਲ ਨੂੰ ਬੜੀ ਸ਼ਿੱਦਤ ਨਾਲ਼ ਪੇਸ਼ ਕਰ ਸਕਿਆ ਹੈ। ਕਿਤੇ–ਕਿਤੇ ਕਾਵਿਕ ਸ਼ੈਲੀ ਦੀ ਵਰਤੋਂ ਵੀ ਕਰਦਾ ਹੈ। ਬਹੁਤੀਆਂ ਸਥਿਤੀਆਂ ਬਾਰੇ, ਇਸ਼ਾਰਾ ਕਰਦੇ ਹੀ ਅਗਾਂਹ ਲੰਘ ਜਾਂਦਾ ਹੈ।

**ਉਦੇਸ਼**

ਸੰਸਾਰ ਵਿੱਚ ਮਨੁੱਖ ਵੱਲੋਂ ਕੀਤਾ ਗਿਆ ਕੋਈ ਵੀ ਕਾਰਜ ਉਦੇਸ਼ ਤੋਂ ਬਿਨਾਂ ਨਹੀਂ ਹੁੰਦਾ। ਇਹ ਸਾਹਿਤ ਸਿਰਜਣਾ ਵਰਗਾ ਕੰਮ ਤਾਂ ਨਿਰ–ਉਦੇਸ਼ ਹੋ ਹੀ ਨਹੀਂ ਸਕਦਾ। ਇਸ ਲਈ ਨਾਵਲਕਾਰ ਜੋ ਕਥਾ–ਵਸਤੂ ਚੁਣਦਾ ਹੈ, ਉਸਦਾ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਨਾਵਲ ਸਿਰਜਣਾ ਦਾ ਪ੍ਰਮੁੱਖ ਗੁਣ ਹੀ ਇਹ ਹੁੰਦਾ ਹੈ ਕਿ ਨਾਵਲ ਜੀਵਨ ਦੀ ਵਿਆਖਿਆ ਕਰਦਾ ਹੈ ਤੇ ਜੀਵਨ ਉਦੇਸ਼ ਰਹਿਤ ਹੁੰਦਾ ਹੈ। ਇਸ ਲਈ ਹਰ ਨਾਵਲਕਾਰ ਸਾਹਮਣੇ ਜੀਵਨ

ਦਾ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ ਜਿਸ ਨੂੰ ਉਹ ਨਾਵਲ ਵਿਚ ਪ੍ਰਗਟਾਉਂਦਾ ਹੈ। ਤਾਰੜ ਦੇ ਇਸ ਨਾਵਲ ਦਾ ਉਦੇਸ਼ ਉਸ ਸਮਾਜ ਦੀ ਪੇਸ਼ਕਾਰੀ ਕਰਨਾ ਹੈ ਜੋ ਧਰਮ ਅਧਾਰਿਤ ਸਮਾਜ ਹੈ, ਜਿਸ ਵਿੱਚ ਜੀਵਨ ਗੁਜਾਰ ਰਹੇ ਲੋਕ ਆਪਣੇ–ਆਪ ਨੂੰ ਉਸ ਸਮਾਜ ਵਿੱਚ ਮਿੱਸਫਿਟ ਮਨੁੱਖ ਮਹਿਸੂਸ ਕਰਦੇ ਹਨ। ਨਾਵਲਕਾਰ ਅਜਿਹੇ ਸਮਾਜ ਦੀ ਤਸ਼ਵੀਰਕਸੀ ਹੀ ਨਹੀਂ ਕਰਦਾ ਉਹ ਨਾਵਲ ਵਿੱਚ ਅਜਿਹੇ ਸਮਾਜ ਵਿਚ ਸੁਧਾਰ ਕਰਨ ਲਈ ਹੱਲ ਵੀ ਸੁਝਾਉਂਦਾ ਹੈ–

"ਅਜਿਹੇ ਮੁਆਸ਼ਰੇ ਵਿੱਚ ਜਿੱਥੇ ਲੋਕਾਂ 'ਤੇ ਗਿਰਝਾਂ ਦਾ ਰਾਜ ਹੋਵੇ, ਉਥੇ ਸਾਰੇ ਸੋਚਣ ਸਮਝਣ ਆਲੇ ਬੰਦੇ ਮਿਸ–ਫਿਟ ਹੋਂਦੇ ਨੇ, ਜੋਕਾਂ ਦੇ ਕੂਲੇ ਜੁੱਸੇ, ਕਾਮਿਆਂ ਦਿਆਂ ਹਥੌੜਿਆਂ ਹੇਠ ਦਿਉ, ਗਿਰਝਾਂ ਦੀਆਂ ਲੰਮੀਆਂ ਧੌਣਾਂ, ਕਿਸਾਨਾਂ ਦੀਆਂ ਦਾਤੀਆਂ ਅੱਗੇ ਡਾਹ ਦਿਓ, ਫੇਰ ਕੋਈ ਬੰਦਾ ਮਿਸ–ਫਿਟ ਨਹੀਂ ਹੋਵੇਗਾ।"

## ਯੂਨਿਟ-6

### ਮੇਜਰ ਇਸਹਾਕ ਮੁਹੰਮਦ ਦੇ ਨਾਟਕ 'ਕੁਕਨਸ" ਦੇ ਵਿਸ਼ੇ ਉਪਰ ਨੋਟ ਲਿਖੋ/ ਵਿਚਾਰ ਚਰਚਾ ਕਰੋ/ ਲੇਖਕ ਦੀ ਦ੍ਰਿਸ਼ਟੀ ਪਰਖੋ

ਉੱਤਰ :- ਪਾਕਿਸਤਾਨੀ ਪੰਜਾਬੀ ਨਾਟਕ ਵਿਚ ਨਜ਼ਮ ਹੁਸੈਨ ਤੋਂ ਪਿੱਛੋਂ ਸਭ ਤੋਂ ਪਹਿਲਾ ਨਾਟਕਕਾਰ ਮੇਜਰ ਇਸਹਾਕ ਮੁਹੰਮਦ ਹੈ। ਉਸ ਨੇ 'ਮੁਸੋਲੀ' ਅਤੇ 'ਕੁਕਨਸ' ਵਰਗੇ ਵਿਸ਼ਵ ਪ੍ਰਸਿੱਧੀ ਵਾਲੇ ਨਾਟਕ ਲਿਖ ਕੇ ਆਪਣੀ ਪ੍ਰਗਤੀਵਾਦੀ ਸੋਚ ਅਤੇ ਉਸ ਵਿਚਾਰਧਾਰਾ ਦਾ ਸਬੂਤ ਦਿੱਤਾ ਹੈ ਜਿਸ ਦੀ ਲੋੜ ਪਾਕਿਸਤਾਨ ਵਰਗੇ ਦੇਸ਼ ਲਈ ਖ਼ਾਸ ਮਹੱਤਤਾ ਰੱਖਦੀ ਹੈ। ਉਸ ਦੇ ਇਹ ਦੋਵੇਂ ਨਾਟਕ ਇਕ ਲੋਕ-ਲਹਿਰ ਪੈਦਾ ਕਰਨ ਦੀਆਂ ਸਮਰੱਥ ਰਚਨਾਵਾਂ ਹਨ। ਇਸ ਤੋਂ ਪਹਿਲਾਂ ਕਿ ਅਸੀਂ ਕੁਕਨਸ ਦੇ ਵਿਸੇ ਉੱਪਰ ਚਰਚਾ ਕਰੀਏ ਸਾਨੂੰ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਵਿਸ਼ਾ ਕੀ ਹੁੰਦਾ ਹੈ।

**6.1 ਵਿਸ਼ਾ ਵਸਤੂ** - ਕਿਸੇ ਵੀ ਸਾਹਿਤਕ ਰਚਨਾ ਵਿਚ ਪ੍ਰਗਟਾਈ ਗਈ ਸਮੱਸਿਆ ਜਾਂ ਮਸਲਾ ਜਿਸ ਦੇ ਦੁਆਲੇ ਸਮੁੱਚੀ ਰਚਨਾ ਨੂੰ ਉਸਾਰਿਆ ਗਿਆ ਹੁੰਦਾ ਹੈ, ਰਚਨਾ ਦਾ ਵਿਸ਼ਾ ਵਸਤੂ ਅਖਵਾਉਂਦੀ ਹੈ। ਹਰ ਇਕ ਰਚਨਾ ਵਿੱਚ ਲੇਖਕ ਕਿਸੇ ਖਾਸ ਧਿਰ ਨਾਲ ਵਿਚਾਰਧਾਰਕ ਪ੍ਰਤੀਬੱਧਤਾ ਰਖਦਾ ਹੈ। ਉਸਦੀ ਵਿਚਾਰਧਾਰਾ ਜਾਂ ਫਿਲਾਸਫੀ ਵਿਸ਼ੇ ਨੂੰ ਯਥਾਰਥਕ ਰੂਪ ਵਿੱਚ ਪਰਗਟ ਕਰਨ ਲਈ ਮੱਦਦਗਾਰ ਹੁੰਦੇ ਹਨ। ਵਿਸ਼ੇ ਨੂੰ ਰਚਨਾਵਾਂ ਦਾ ਵਿਹਾਰ-ਤੱਤ ਵੀ ਕਿਹਾ ਜਾ ਸਕਦਾ ਹੈ।

ਲੇਖਕ ਹਮੇਸ਼ਾ ਆਪਣੀ ਰਚਨਾ ਦਾ ਵਿਸ਼ਾ ਸਮਾਜਿਕ ਆਲੇ ਦੁਆਲੇ ਵਿੱਚੋਂ ਚੁਣਦਾ ਹੈ। ਇਸ ਲਈ ਇਹ ਵੀ ਕਹਿ ਲਿਆ ਜਾਂਦਾ ਹੈ ਕਿ ਵਿਸ਼ਾ-ਵਸਤੂ ਵਿਚਾਰਾਂ ਅਤੇ ਭਾਵਾਂ ਦੇ ਸੁਮੇਲ ਨਾਲ ਸਮਕਾਲੀਨ ਪਰਿਸਥਿਤੀਆਂ ਦੀ ਉਪਜ ਹੁੰਦਾ ਹੈ। ਲੇਖਕ ਸਧਾਰਣ ਲੋਕਾਂ ਦੇ ਮੁਕਾਬਲੇ ਬਹੁਤ ਹੀ ਸੰਵੇਦਨਸ਼ੀਲ ਅਤੇ ਤੀਖਣ ਨਜ਼ਰੀਏ ਵਾਲੇ ਮਨੁੱਖ ਹੁੰਦੇ ਹਨ। ਉਹਨਾਂ ਦੀ ਸੋਚ ਆਮ ਲੋਕਾਂ ਦੀ ਸੋਚ ਦੀ ਪੱਧਰ ਤੋਂ ਬਹੁਤ ਵਿਕਸਿਤ ਹੋ ਚੁੱਕੀ ਹੁੰਦੀ ਹੈ। ਉਹ ਲੋਕਾਂ ਵਿੱਚਵਿਚਰਦੇ ਹਨ ਤਾਂ ਤੱਤਕਾਲੀਨ ਮਸਲਿਆਂ ਜਾਂ ਇਤਿਹਾਸਕ ਪਰਿਸਥਿਤੀਆਂ ਦੇ ਯਥਾਰਥ ਨੂੰ ਬਹੁਤ ਗਹਿਰਾਈ ਤੋਂ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਇਸ ਵਿੱਚ ਕੋਈ ਅਤਿ ਕਥਨੀ ਨਹੀਂਹਜੈ ਕਿ ਲੇਖਕਾਂ ਦਾ ਸੱਚ ਅਤੇ ਆਪਣਾ ਸਿਰਜਿਆ ਹੋਇਆ ਯਥਾਰਥ ਹੁੰਦਾ ਹੈ ਪਰ ਇਹ ਸਮਾਜਿਕ ਅਨੁਭਵ ਵਿੱਚੋਂ ਗ੍ਰਹਿਣ ਕੀਤਾ ਹੁੰਦਾ ਹੈ। ਇਹ ਅਨੁਭਵ ਜਦੋਂ ਪਕ ਕੇ ਭਾਸ਼ਾ ਦੇ ਜ਼ਰੀਏ ਰਚਨਾ ਰਾਹੀਂ ਪ੍ਰਸਤੁਤ ਹੁੰਦਾ ਹੈ ਤਾਂ ਇਹ ਲੇਖਕ ਦਾ ਆਪਣਾ ਯਥਾਰਥ ਅਤੇ ਵਿਚਾਰ ਬਣ ਜਾਂਦਾ ਹੈ । ਇਹ ਪ੍ਰਕਿਰਿਆ ਨੂੰ ਹੀ ਸਾਹਿਤ ਸਿਰਜਣਾ ਪ੍ਰਕਿਰਿਆ ਜਾ ਨਾਟਕ ਸਿਰਜਣਾ ਪ੍ਰਕਿਰਿਆ ਕਹਿ ਸਕਦੇ ਹਾਂ ।

**6.2 ਵਿਚਾਰ ਅਤੇ ਭਾਵ** :- ਨਾਟਕ ਇਕ ਦੋਹਰੀ ਕਲਾ ਵਾਲੀ ਰਚਨਾ ਹੈ। ਨਾਟਕ ਦਾ ਇਕ ਸਾਹਿਤਕ ਲਿਖਤ ਵਾਲਾ ਰੂਪ ਹੈ ਅਤੇ ਦੂਜਾ ਹੈ ਖੇਡ ਰੂਪ। ਲਿਖੇ ਹੋਏ ਨਾਟਕ ਨੂੰ ਜਦੋਂ ਸਟੇਜ ਉਪਰ ਖੇਡਿਆ ਜਾਂਦਾ ਹੈ ਤਾਂ ਇਸ ਵਿੱਚ ਦੋ ਤੋਂ ਵੀ ਵੱਧ ਲੋਕਾਂ ਦਾ ਅਨੁਭਵ ਸ਼ਾਮਿਲ ਹੋ ਜਾਂਦਾ ਹੈ। ਨਾਟਕ ਨੂੰ ਜਜ਼ਬਾ ਪ੍ਰਧਾਨ ਰਚਨਾ ਵੀ ਮੰਨਿਆ ਜਾਂਦਾ ਹੈ।

ਨਾਟਕ ਵਿਧਾ ਵਿਚ ਵਿਚਾਰਾਂ ਦੀ ਪ੍ਰਧਾਨਤਾ ਵੀ ਹੁੰਦੀ ਹੈ। ਕਿਉਂਕਿ ਨਾਟਕ ਜਦੋਂ ਖੇਡਿਆ ਜਾਂਦਾ ਹੈ ਤਾਂ ਅਦਾਕਾਰ ਸਿੱਧਾ ਪਾਠਕ/ ਦਰਸ਼ਕ ਨੂੰ ਸੰਬੋਧਿਤ ਹੁੰਦਾ ਹੈ। ਡਾ. ਸੇਠੀ ਦਾ ਵਿਚਾਰ ਹੈ ਕਿ ਨਾਟਕ ਨੂੰ ਕੇਵਲ ਜਜ਼ਬਾਤੀ ਰਚਨਾ ਕਹਿਣਾ ਕੇਵਲ ਵਿਚਾਰਾਂ ਦੀ ਬਹੁਲਤਾ ਨੂੰ ਨਿੰਦਣਾ ਹੀ ਨਹੀਂ, ਸਗੋਂ ਜਜ਼ਬੇ ਦੀ ਮਹੱਤਤਾ ਨੂੰ ਘਟਾਉਣਾ ਹੈ। ਦੁਨੀਆਂ ਭਰ ਦੇ ਸਫਲ ਨਾਟਕਾਂ ਵਿਚ ਵਿਚਾਰਾਂ ਦੀ ਵੀ ਉਨੀ ਮਹੱਤਤਾ ਹੈ ਜਿਨੀ ਜਜ਼ਬੇ ਦੀ ਹੈ।

**6.3 'ਕੁਕਨਸ' ਨਾਟਕ ਦਾ ਵਿਸ਼ਾ** : 'ਕੁਕਨਸ' ਪਾਕਿਸਤਾਨੀ ਪੰਜਾਬੀ ਨਾਟਕਕਾਰ ਮੇਜਰ ਇਸਹਾਕ ਮੁਹੰਮਦ ਦਾ ਲਿਖਿਆ ਹੋਇਆ ਬਹੁਤ ਹੀ ਪ੍ਰਸਿੱਧ ਨਾਟਕ ਹੈ। ਇਹ ਨਾਟਕ ਨਾ ਸਿਰਫ ਪੱਛਮੀ ਪੰਜਾਬ ਦੀਆਂ ਸਟੇਜਾਂ ਉਪਰ ਬਹੁਤ ਵਾਰ ਖੇਡਿਆ ਗਿਆ ਸਗੋਂ ਦੁਨੀਆਂ ਭਰ ਵਿੱਚ ਇਹ ਨਟਕ ਕਈ ਵਾਰ ਖੇਡਿਆ ਗਿਆ ਹੈ। ਇਸ ਨਾਟਕ ਦਾ ਵਿਸ਼ਾ ਦੁੱਲੇ ਭੱਟੀ ਦੀ ਲੋਕ ਕਥਾ ਨੂੰ ਨਵੇਂ ਅਰਥਾਂ ਵਿਚ ਪ੍ਰਸਤੁਤ ਕਰਨਾ ਹੈ। ਦੁੱਲਾ ਭੱਟੀ ਪੰਜਾਬ ਦਾ ਉਹ ਲੋਕ ਨਾਇਕ ਹੈ ਜੋ ਮੁਗਲ ਰਾਜ ਸਮੇਂ ਅਕਬਰ ਨਾਲ ਟੱਕਰ ਲੈਂਦਾ ਹੈ। ਉਸ ਦੇ ਅਕਬਰ ਨਾਲ ਟੱਕਰ ਲੈਣ ਦਾ ਕਾਰਣ ਉਸ ਦੇ ਪਿਓ-ਦਾਦੇ ਦੀ ਮੁਗਲ ਰਾਜਿਆਂ ਨਾਲ ਵਿਚਾਰਧਾਰਕ ਮੱਤਭੇਦ ਅਤੇ ਮੁਗਲ ਦਰਬਾਰ ਦਾ ਵਿਰੋਧ ਸਨ। ਦੁਲੇ ਦੇ ਪੁਰਖਿਆਂ ਨੇ ਮੁਗਲਾਂ ਦੁਆਰਾ ਕਿਸਾਨੀ ਦੀ ਲੁੱਟ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਸੀ। ਜਿਸ ਕਾਰਨ ਮੁਗਲ ਬਾਦਸ਼ਾਹ ਨੇ ਦੁੱਲੇ ਦੇ ਪੁਰਖਿਆਂ ਨੂੰ ਮਾਰ ਕੇ ਉਨ੍ਹਾਂ ਦੀਆਂ ਚੇਲਾਂ ਭਰਵਾ ਕੇ ਲਾਹੌਰ ਦਰਬਾਰ ਵਿਚ ਟੰਗ ਦਿੱਤੀਆਂ ਸਨ। ਦੁੱਲਾ ਬਹੁਤ ਹੀ ਅਣਖੀ ਅਤੇ ਦਲੇਰ ਯੋਧਾ ਸੀ। ਆਪਣੇ ਪੁਰਖਿਆਂ ਦੀ ਮੌਤ ਦਾ ਬਦਲਾ ਲੈਣਾ ਹੀ ਉਸ ਦੀ ਟੱਕਰ ਦਾ ਮੂਲ ਕਾਰਣ ਨਹੀਂ ਸਗੋਂ ਪੰਜਾਬ ਦੀ ਕਿਸਾਨੀ ਦਾ ਸਾਮਰਾਜੀ ਤਾਕਤਾਂ ਵੱਲੋਂ ਕੀਤੇ ਜਾ ਰਹੇ ਉਜਾੜੇ ਵਿਰੁੱਧ ਵਿਦਰੋਹ ਉਸਦੀ ਟੱਕਰ ਦਾ ਮੂਲ ਕਾਰਨ ਹੈ। ਇਸ ਇਤਿਹਾਸਕ ਪਿਛੋਕੜ ਵਿੱਚ ਇਸਹਾਕ ਮੁਹੰਮਦ ਦੁੱਲੇ ਭੱਟੀ ਦੀ ਮੂਲ ਕਥਾ ਨੂੰ ਇਕ ਨਵੇਂ ਦ੍ਰਿਸਟੀਕੋਣ ਤੋਂ ਪੇਸ ਕਰਦਾ ਹੈ। ਇਸ ਲੋਕ ਕਥਾਨਕ ਦੀਆਂ ਬਹੁਤ ਸਾਰੀਆਂ ਦਿਸ਼ਵਾਂ ਅਤੇ ਪਾਸਾਰ ਹਨ ਜਿਨ੍ਹਾਂ ਨੂੰ ਇਸ ਨਾਟਕ ਦੀ ਕਥਾ ਵਿੱਚੋਂ ਪਛਾਣਿਆ ਜਾ ਸਕਦਾ ਹੈ।

ਦੁੱਲਾ ਭੱਟੀ ਪੰਜਾਬ ਦੀ ਲੋਕਧਾਰਾ ਵਿੱਚ ਲੋਕਾਂ ਦੁਆਰਾ ਤਾਕਤ ਅਤੇ ਦਲੇਰੀ ਦੇ ਪ੍ਰਤੀਕ ਵਜੋਂ ਸਵੀਕਾਰ ਕੀਤਾ ਗਿਆ ਲੋਕ ਨਾਇਕ ਹੈ। ਇਸ ਨਾਟਕ ਵਿਚ ਇਸਹਾਕ ਮੁਹੰਮਦ ਨੇ ਦੁੱਲੇ ਨੂੰ ਉਸਾਰੂ ਸੋਚ ਦਾ ਮਾਲਿਕ ਅਤੇ ਦੇਸ ਭਗਤ ਬਣਾ ਕੇ ਪੇਸ਼ ਕੀਤਾ ਹੈ। ਇਸੇ ਕਰਕੇ ਉਹ ਅਕਬਰ ਨਾਲ ਲੜਾਈ ਆਪਣੇ ਕਿਸੇ ਨਿੱਜੀ ਸਵਾਰਥ ਲਈ ਨਹੀਂ ਕਰਦਾ। ਉਹ ਇਹ ਲੜਾਈ ਆਪਣੇ ਪਿਉ ਦਾਦੇ ਦਾ ਬਦਲਾ ਲੈਂਣ ਲਈ ਵੀ ਨਹੀਂ ਲੜਦਾ। ਉਹ ਲੜਾਈ ਆਪਣੇ ਪਿੰਡ ਪਿੰਡੀ (ਬਾਬ) ਨੂੰ ਬਚਾਉਣ ਲਈ ਲੜਦਾ ਹੈ। ਉਹ ਆਪਣੇ ਪਿੰਡ ਦੇ ਲੋਕਾਂ ਦੀਆਂ ਜੀਵਨ ਹਾਲਾਤਾਂ ਤੋਂ ਜਾਣੂ ਹੈ। ਮੁਗਲਾਂ ਦੁਆਰਾ ਗ਼ਰੀਬ ਕਿਸਾਨਾਂ ਦੀ ਕੀਤੀ ਜਾ ਰਹੀ ਅੰਨ੍ਹੀ ਲੁੱਟ ਦੇ ਵਿਰੁੱਧ ਉਸਦੇ ਮਨ ਵਿੱਚ ਅਕ੍ਰੋਸ਼ ਉਠਦਾ ਹੈ। ਉਹ ਇਕੱਲਾ ਹੀ ਆਪਣੇ ਕੁਝ ਨੇੜਲੇ ਦੋਸਤਾਂ ਦੀ ਮੱਦਦ ਨਾਲ ਮੁਗਲ ਬਾਦਸ਼ਾਹ ਵਿਰੁੱਧ ਆਵਾਜ਼ ਬੁਲੰਦ ਕਰਦਾ ਹੈ। ਉਹ ਅਕਬਰ ਦੀ ਹਕੂਮਤ ਵੱਲੋਂ ਹੋ ਰਹੀਆਂ ਵਧੀਕੀਆਂ ਤੇ ਜ਼ੁਲਮਾਂ ਤੋਂ ਆਪਣੇ ਪਿੰਡ ਦੇ ਲੋਕਾਂ ਨੂੰ ਛੁਟਕਾਰਾ ਦਿਵਾਉਂਦਾ ਹੈ।

ਡਾ. ਜਗਤਾਰ ਦਾ ਵਿਚਾਰ ਹੈ - ਕਿੱਸਾ ਕਾਵਿ ਵਿਚਲਾ ਦੁੱਲਾ ਭਾਵੇਂ ਵਿਅਕਤੀਗਤ ਲੜਾਈ ਲੜਦਾ ਹੈ, ਪਰ ਕੁਕਨਸ ਵਿਚਲਾ ਦੁੱਲਾ ਜਾਗ੍ਰਿਤ ਤੇ ਚੇਤੰਨ ਲੋਕ-ਨਾਇਕ ਹੋ ਨਿੱਬੜਦਾ ਹੈ, ਜੋ ਪੂਰੇ ਪੰਜਾਬ ਨੂੰ ਚੇਤੰਨ ਕਰਕੇ ਬਦੇਸ਼ੀ ਹਾਕਮਾਂ ਤੇ ਲੁਟੇਰਿਆ ਵਿਰੁੱਧ ਖੜ੍ਹਾ ਕਰਨਾ ਚਾਹੁੰਦਾ ਹੈ।

**6.4 ਦੇਸ਼ ਭਗਤੀ ਦੀ ਭਾਵਨਾ**:- ਹਰ ਇਕ ਸਾਹਿਤ ਲੇਖਕ ਆਪਣੀ ਰਚਨਾ ਵਿੱਚ ਕੋਈ ਨਾ ਨਿਸ਼ਾਨਾ, ਮਕਸਦ ਜਾਂ ਉਦੇਸ਼ ਲੈ ਕੇ ਚਲਦਾ ਹੈ। ਨਾਟਕਕਾਰ ਇਸਹਾਕ ਮੁਹੰਮਦ ਨੇ ਕੁਕਨਸ ਨਾਟਕ ਵਿੱਚ ਦੇਸ਼ ਭਗਤੀ ਦੀ ਭਾਵਨਾ ਦੁੱਲੇ ਦੇ ਪਾਤਰ ਰਾਹੀਂ ਪ੍ਰਸਤੁਤ ਕੀਤੀ ਹੈ। ਇਸ ਨਾਟਕ ਦੀ ਪ੍ਰੇਰਨਾ ਰੂੜ੍ਹੀ ਲੋਕ ਮਿੱਥ ਵਿੱਚੋਂ ਲਈ ਗਈ ਹੈ। ਕੁਕਨਸ ਇਕ ਅਜਿਹਾ ਪੰਛੀ ਹੈ ਜੋ ਆਪਣੀ ਉਮਰ ਹੋਣ ਤੋਂ ਪਹਿਲਾਂ ਆਪਣੀ ਚਿਖਾ (ਚਿਤਾ) ਆਪ ਬਣਾ ਕੇ ਉਸ ਉੱਤੇ ਬੈਠ ਜਾਂਦਾ ਹੈ। ਫਿਰ ਦੀਪਕ ਰਾਗ ਗਾ ਕੇ ਉਸ ਚਿਤਾ ਨੂੰ ਅੱਗ ਲਾਉਂਦਾ ਹੈ । ਨਾਟਕ ਦੇ ਤੀਜੇ ਅੰਕ ਦੀ ਦੂਜੀ ਝਾਕੀ ਵਿਚ ਜਿਹੜਾ ਬੀਬੀ ਬਾਬਾ ਆਉਂਦਾ ਹੈ, ਉਹ ਦੁੱਲੇ ਨੂੰ ਕੁਕਨਸ ਵਾਂਗ ਵੇਖਣਾ ਚਾਹੁੰਦਾ ਹੈ ਤਾਂ ਕਿ ਦੁੱਲਾ ਆਪਣੇ ਲਈ ਨਹੀਂ, ਸਗੋਂ ਆਪਣੇ ਦੇਸ਼ ਤੇ ਦੇਸ਼ ਵਾਸੀਆਂ ਲਈ ਲੜੇ ਤੇ ਜਾਨ ਕੁਰਬਾਨ ਕਰੇ ਤਾਂ ਜੋ ਉਨ੍ਹਾਂ ਦੇ ਪਿੰਡ ਵਾਸੀਆਂ ਦਾ ਜੀਵਨ ਆਜ਼ਾਦੀ ਅਤੇ ਖੁਸ਼ਹਾਲੀ ਵਾਲਾ ਹੋਵੇ। ਇਸ ਸੰਦਰਭ ਵਿਚ ਬਾਬੇ ਦੇ ਇਹ ਸ਼ਬਦ ਤੋਂ ਕੁਕਨਸ ਦਾ ਸਪਸ਼ਟੀਕਰਨ ਵੇਖਣਾ ਬਹੁਤ ਜ਼ਰੂਰੀ ਹੈ।

ਬਾਬਾ ਜੀ: ਇਹ ਪੰਜਾਬ ਦੁੱਲਿਆ ਹੁਣ ਤਾਈਂ ਤੇ ਤਵਾਰੀਖ ਦਾ ਥਲ ਬਣਿਆ ਰਿਹਾ ਏ । ਜੀਹਦੇ ਵਿਚ ਟੈਕਸਲਾ, ਮੁਲਤਾਨ, ਲਾਹੌਰ, ਉੱਚ, ਕਸੂਰ, ਸਿਆਲਕੋਟ, ਜਲੰਧਰ ਤੇ ਨਖਲਸਤਾਨ ਫੁੱਟਦੇ ਰਹੇ । ਭੇਏ ਚੰਗੀ ਏ, ਜ਼ਰਾ ਮੌਕਾ ਮਿਲਿਆ ਨਹੀਂ ਤੇ ਲਹਿਰ ਬਹਿਰ ਹੋਈ ਨਈ ਪਰ ਸਾਰੇ ਪੰਜਾਬ ਨੂੰ ਖਿੜ ਕੇ ਗੁਲਜ਼ਾਰ ਹੁੰਦਿਆ ਅਜੇ ਮੈਂ ਨਹੀਂ ਵੇਖਦਾ।

ਦੁੱਲਾ ਲੈ ਵਈ ਗਾਹਣਿਆਂ ! ਅਸਾਡੀ ਤੇ ਐਵੇ ਮਤ ਮਾਰੀ ਗਈ ਏ। ਅਸਾਂ ਤੇ ਧਗਣੇ ਦੇ ਕਮਲੇ ਹੋਏ ਵੱਡੇ ਆ।

ਬਾਬਾ ਜੀ : ਦੁੱਲਿਆ। ਇਹ ਕੋਈ ਆਪਣੇ ਵੱਸ ਦੀ ਗੱਲ ਏ? ਤੂੰ ਕੀ ਸਮਝਦਾ ਏਂ ਕੁਝ ਹੋਰ ਬਣਾ ਸਕਦਾ ਸੈਂ । ਥਲਾਂ ਵਿਚ ਇਕ ਜਨੌਰ ਸੁਣਿਆ ਏ, ਉਹਦਾ ਨਾਂ ਭਲਾ ਜਿਹਾ ਏ - ਕੁਕਨਸ।

ਦੁੱਲਾ ਕੁਕਨਸ ?

ਗਾਹਣਾ : ਕੁਕਨਸ ?

ਦੁੱਲਾ : ਲੈ ਵਈ ਗਾਹਣਿਆ ! ਇਕ ਨਵਾਂ ਨਾਂ ਵੀ ਸੁਣ ਲਿਆ, ਕੁਕਨਸ । ਹੱਛਾ । ਇਹਦੀ ਦੱਸੋ । ਤੁਸਾਂ ਤੇ ਅਸਾਨੂੰ ਇਲਮ ਦੇ ਚੱਕੀ-ਘੇਰੇ ਭਵਾਉਂਦੇ ਪਏ ਓ। ਕੋਈ ਸੌਖੀਆਂ ਸੌਖੀਆਂ ਗੱਲਾ ਕਰੋ। ਅਸਾਂ ਜੱਟ ਬੰਦੇ ਹਾਂ । ਤੁਸਾਂ ਤੇ ਇਲਮ ਦੀਆਂ ਮਾਹਲਾ ਮਾਰਦੇ ਓ ਪਏ । ਕੁਕਨਸ ਕੀ ਹੋਇਆ ਸੀ? ਬਾਬਾ ਸੀ। ਬਸ ਇਹੋ ਈ ਨਾ ਦਿੱਤਾ ਗਿਆ ਏ ਇਸ ਨੂੰ । ਏਸ ਕੁਕਨਸ ਦੀ ਉਮਰ ਜਦ ਸੌ ਵਰ੍ਹਿਆਂ ਦੀ ਹੈ ਜਾਂਦੀ ਏ ਤੇ ਆਪੇ ਈ ਸੁੱਕੀਆ ਲੱਕੜੀਆਂ ਜੋੜ ਕੇ ਉਹਨਾਂ ਵਿਚ

ਬਹਿ ਜਾਂਦਾ ਤੇ ਰਾਗ ਗਾਉਂਦਾ ਏ, ਜਿਹੜਾ ਦੀਪਕ ਰਾਗ ਏ। ਇਹਦੇ ਨਾਲ ਲੱਕੜੀਆਂ ਨੂੰ ਅੱਗ ਲੱਗ ਜਾਦਾ ਤੇ ਕੁਕਨਸ ਸੜ ਕੇ ਸੁਆਹ ਹੋ ਜਾਂਦਾ ਏ। ਏਸ ਸੁਆਹ ਤੇ ਜਦ ਵਰਸਾ ਹੁੰਦੀ ਏ ਤਾਂ ਇਕ ਆਂਡਾ ਜਾਦਾ ਏ। ਜਿਹਦੇ ਵਿਚੋਂ ਇਕ ਨਵਾ ਕੁਕਨਸ

ਨਿਕਲ ਆਉਂਦਾ ਏ।

ਦੁੱਲਾ : ਕੁਕਨਸ ਤੇ ਅਸਾ ਨਹੀਂ, ਪਰ ਮੁਗਲੇਟੇ ਨਾਲ ਹੱਥ ਜੋੜ ਕਰਕੇ ਉਹਦੇ ਕਹਿਰ ਲਾਂਬੂ ਤੇ ਅਸਾ ਵੀ ਆਪਣੇ ਆਲੇ-ਦੁਆਲੇ ਬਾਲ ਛੱਡੇ ਨੇ, ਪਰ ਬਾਬਾ ਜੀ! ਅਸਾਡੀ ਸੁਆਹ ਵਿਚੋਂ ਵੀ ਕੁਝ ਨਿਕਲਸੀ?

ਬਾਬਾ ਜੀ : ਦੁੱਲਿਆ। ਪੰਜਾਬ ਦੇ ਦੁਖਿਆਰੇ ਲੋਕਾਂ ਦੇ ਤਪਦੇ ਦਿਲਾਂ ਦੀ ਅੱਗ ਵਿਚੋਂ ਏਥੇ ਵੀ ਸਦੀ ਦੋ ਸਦੀਆਂ ਪਾ ਕੇ ਇਕ ਕੁਕਨਸ ਜੰਮ ਪੈਂਦਾ ਏ ਤੇ ਦਿਲਾ ਦੀ ਅੱਗ ਬੁਝ ਜਾਂਦੀ ਏ, ਲੋਕੀ ਲੋਭੀ ਹੋ ਜਾਂਦੇ ਨੇ ਜਾਂ ਗੀਦੀ ਤੇ ਇਹ ਕੁਕਨਸ ਮਰ ਵੈਂਦਾ ਏ।

ਦੁੱਲਾ: ਮੁੜ ਤੇ ਏਥੇ ਦੇ ਕੁਸ਼ਨਸ ਦਾ ਜੰਮਪਲ ਥਲਾਂ ਦੇ ਕੁਕਨਸ ਤੋਂ ਵੱਖਰਾ ਏ। ਇਹ ਅੱਗ ਵਿਚ ਜੰਮਦਾ ਤੇ ਵਰਸ਼ਾ ਹੋਣ 'ਤੇ ਮਰ ਜਾਂਦਾ ਏ।

ਬਾਬਾ ਜੀ: ਹਾਂ ਦੁਲਿਆ। ਜਦ ਤਾਈਂ ਪੰਜਾਬ ਦਾ ਵਜੂਦ ਨਹੀਂ ਬਦਲਦਾ ਇਹ ਅੰਗ ਆਪਣੀ ਲੋਅ ਬਾਹਰ ਦੇ ਅਨ੍ਹੇਰਿਆਂ ਨੂੰ ਨਾਲ ਨਹੀਂ ਲੈਂਦੀ, ਇਹ ਉਲਟ ਫੇਰ ਏਵੇਂ ਹੀ ਰਹਿਸੀ। ਏਥੋਂ ਦੇ ਕੁਕਨਸ ਵਰਸ਼ਾ ਦੇ ਰਸ ਦੀ ਥਾਂ ਅੱਗ ਵਿਚੋਂ ਜਨਮ ਲੈਂਦੇ ਰਹਿਸਨ। ਦੁਲਿਆ! ਜੇ ਇਹ ਕੰਮ ਨਾ ਹੁੰਦੇ ਤੇ ਪੰਜਾਬ ਦੀ ਮਰ ਮਰ ਕੇ ਜੀਵਨ ਦੀ ਰੀਤ ਨਾ ਹੁੰਦੀ ਤੇ ਉਹ ਵੇਲਾ ਕਦੀ ਨਾ ਆਉਂਦਾ, ਜਿਹੜਾ ਆਵਣ ਵਾਲਾ ਏ। ਜਦ ਪੰਜਾਬ ਦੀਆਂ ਖੁਸ਼ੀਆ ਨੂੰ ਕੋਈ ਧਾੜਵੀ ਗਮਾਂ ਵਿਚ ਨਾ ਬਦਲ ਸਕਸੀ। ਇਹਦੀ ਫਲੇਰ ਫਲ ਲਏ ਬਾਰ ਨਾ ਝੜਦੀ ਰਹਸੀ। ਲੈ ਵਈ ਸਾਡਾਜਾਵਣ ਵੇਲਾ ਹੋ ਗਿਆ ਏ। (ਉਠ ਖਲੋਂਦਾ ਏ)

ਦੁੱਲਾ : ਬਾਬਾ ਜੀ ਕਿੱਥੇ?

ਬਾਬਾ ਜੀ: ਮੇਰਾ ਤੇ ਬਸ ਹੁਣ ਏਹੋ ਈ ਕੰਮ ਏ ਪਈ ਪੰਜਾਬ ਦੇ ਦੁੱਲਿਆਂ ਤੇ ਇਹਦੇ ਕੁਕਨਸਾਂ ਦਾ ਪਤਾ ਥਹੁ ਕੱਢਾਂ। ਭਾਵੇਂ ਉਹ ਅੱਜ ਦੇ ਹੋਵਣ ਤੇ ਭਾਵੇਂ ਪੁਰਾਣੇ, ਤਾਂ ਜੇ ਉਹਨਾਂ ਦੀ ਨਸਲ ਟੁਰਦੀ ਰਹੇ। ਹੌਸਲਾ ਨਾ ਹਾਰੀਂ। ਜ਼ਮਾਨੇ ਦੀ ਤਾਸੀਰ ਬਦਲਦਿਆਂ ਦੇਰ ਨਹੀਂ ਲਗਦੀ। ਕੌਣ ਆਖ ਸਕਦਾ ਏ ਤੇਰਾ ਈ ਵਜੂਦ ਉਹ ਜੁਜ਼ ਹੋਵੇ ਜਿਹੜਾ ਪੰਜਾਬ ਦੀ ਤਾਸੀਰ ਬਦਲ ਦੇਵੇ। (ਟੁਰ ਜਾਂਦਾ ਏ)

ਦੁੱਲਾ: ਇਹ ਬਾਬਾ ਜੀ ਤੇ ਗ਼ੈਬ ਦੀ ਕਾਈ ਸ਼ੈਅ ਲਗਦੇ ਨੇ। ਜਿਵੇਂ ਕਿਤੇ ਪੰਜਾਬ ਦੀ ਰੂਹ ਫਕੀਰ ਹੋਈ ਫਿਰੇ। ਕੋਈ ਟਿਕਾਣਾ ਲਭਦੀ ਫਿਰੇ। ਇਹ ਬੰਦਾ ਸਾਰੀ ਦੁਨੀਆਂ ਵਿਚ ਪੰਜਾਬ ਦੇ ਵਜੂਦ ਦਾ ਪਤਾ ਲਭਦਾ ਫਿਰਦਾ ਏ। ਇਹ

ਪੰਜਾਬ ਦੇ ਅੰਦਰ ਕਿਸੇ ਥਾਂ ਨਾਲ ਆਪਣਾ ਰਿਸ਼ਤਾ ਨਹੀਂ ਜੋੜਦਾ ਪਿਆ। ਆਂਹਦਾ ਏ ਮੈਨੂੰ ਲਾਪਤਾ ਈ ਰਹਿਣ ਦਿਉ। ਨਾ ਜਾਤ ਪਾਤ, ਨਾ ਸ਼ਹਿਰ, ਨਾ ਗਰਾਂ।

(ਕੁਕਨਸ: ਪਾਠ ਤੇ ਵਿਸ਼ਲੇਸ਼ਣ/105)

ਇਸ ਤਰ੍ਹਾਂ ਨਾਟਕਕਾਰ ਨੇ ਇਸ ਲੋਕ ਕਥਾ ਨੂੰ ਨਵੇਂ ਅਰਥਾਂ ਵਿੱਚ ਪੇਸ਼ ਕੀਤਾ ਹੈ। ਨਾਟਕ ਵਿੱਚ ਦੁੱਲੇ ਭੱਟੀ ਦੀ ਕਥਾ ਨੂੰ ਦੇਸ ਭਗਤੀ ਦੇ ਸੰਦਰਭ ਵਿਚ ਮੁੜ ਤੋਂ ਜਿਰਜਿਆ ਗਿਆ ਹੈ। ਨਾਟਕ ਦਾ ਨਾਇਕ ਦੁੱਲਾ ਤਾਕਤਵਰ ਧਿਰਾਂ ਜਾਂ ਇਸਲਾਮ ਦਾ ਦਬੇਲ ਨਹੀਂ ਹੈ ਸਗੋਂ ਪੰਜਾਬ ਦੀ ਜੰਗਜੂ ਤਬੀਅਤ ਦਾ ਪ੍ਰਤਿਨਿਧ ਹੈ। ਉਹ ਖੁੱਲ੍ਹੇ ਡੁੱਲੇ ਸੁਭਾਅ ਵਾਲਾ, ਪੰਜਾਬ ਦੀ ਅਣਖ ਅਤੇ ਆਬਰੂ ਖਾਤਰ ਮਰ ਮਿਟਣ ਵਾਲਾ ਯੋਧਾ ਹੈ। ਬਾਬਾ ਦੁੱਲੇ ਦੇ ਮਨ ਅੰਦਰ ਕੇਵਲ 'ਪਿੰਡੀ ਲਈ ਨਹੀਂ, ਸਗੋਂ ਸਮੁੱਚੇ ਪੰਜਾਬ ਲਈ ਆਪਣੀ ਜਾਨ ਕੁਰਬਾਨ ਕਰਨ ਦਾ ਜਜ਼ਬਾ ਪੈਦਾ ਕਰਦਾ ਹੈ। ਜਦੋਂ ਦੁੱਲੇ ਨੂੰ ਫਾਂਸੀ ਹੋਣ ਲੱਗਦੀ ਹੈ ਤਦ ਉਸ ਨੂੰ ਪਤਾ ਲਗਦਾ ਹੈ ਕਿ ਉਸ ਦਾ ਪੰਜਾਬ ਹੁਣ-ਜ਼ੁਲਮ ਦੇ ਅਧੀਨ ਨਹੀਂ ਰਿਹਾ। ਜੇਕਰ ਉਹ ਫਾਂਸੀ ਲਗ ਵੀ ਜਾਵੇਗਾ ਤਾਂ ਉਸ ਦੀ ਥਾਂ ਹੋਰ ਕੋਈ ਦੁੱਲਾ ਪੈਂਦਾ ਹੋ ਜਾਵੇਗਾ। ਇਸੇ ਕਰਕੇ ਉਹ ਹੱਸ ਕੇ ਫਾਂਸੀ ਦੇ ਰੱਸੇ ਨੂੰ ਚੁੰਮਦਾ ਹੈ। ਦੁੱਲੇ ਦੀ ਗ੍ਰਿਫ਼ਤਰੀ ਤੇ ਫਾਂਸੀ ਦਾ ਜੋ ਅਸਰ ਪੰਜਾਬ ਦੇ ਲੋਕਾਂ ਉੱਪਰ ਹੁੰਦਾ ਹੈ ਉਸ ਦੀ ਪ੍ਰਤੀਨਿਧਤਾ ਕੋਤਵਾਲ ਕਰਦਾ ਹੈ। ਉਹ ਤਾਂ ਕੇਵਲ ਬਾਦਸ਼ਾਹ ਕੋਲ ਹੁਕਮ ਲੈਣ ਗਿਆ ਸੀ, ਪਰ ਬਾਦਸ਼ਾਹ ਦੇ ਬੋਲਾ ਕਰਕੇ ਉਸ ਅੰਦਰ ਅੱਗ ਮੱਚ ਪੈਂਦੀ ਹੈ ਤੇ ਉਹ ਦੁੱਲੇ ਦੇ ਹੱਕ ਵਿਚ ਹੋ ਜਾਂਦਾ ਹੈ। ਇਸੇ ਕਰਕੇ ਉਸ ਨੂੰ ਵੀ ਦੁੱਲੇ ਦੇ ਨਾਲ ਹੀ ਫਾਂਸੀ ਲਾਉਣ ਦਾ ਹੁਕਮ ਦੇ ਦਿੱਤਾ ਜਾਂਦਾ ਹੈ। ਕੋਤਵਾਲ ਕੋਤਵਾਲੀ ਤੋਂ ਫਾਂਸੀ ਦੀ ਚੌਂਕੜੀ ਤਕ ਪਹੁੰਚ ਜਾਂਦਾ ਹੈ। ਉਹ ਦੱਸਦਾ ਹੈ ਕਿ ਸਵੇਰੇ ਜਦ ਮੈਂ ਘਰੋਂ ਨਿਕਲਿਆ, ਤਾਂ ਮੇਰੀ ਜੈਬਾ (ਲੜਕੀ) ਮੈਨੂੰ ਕਹਿਣ ਲੱਗੀ, "ਅੱਬੂ ਮੇਰੇ ਲਈ ਇਕ ਚਾਕੂ ਲੈ ਕੇ ਆਵੀਂ, ਤੇ ਸਮਦ (ਲੜਕਾ) ਕਹਿਣ ਲਗਾ - "ਨਹੀਂ ਮੇਰੇ ਲਈ ਇਕ ਦੁੱਲਾ ਲੈ ਕੇ ਆਵੀ। " ਇਵੇਂ ਮੇਰੇ ਘਰ ਵਿਚ ਵੀ ਤੇਰੀਆਂ ਗੱਲਾਂ ਹੁੰਦੀਆ ਸਨ। ਮੇਰੇ ਨਿੱਕੇ-ਨਿੱਕੇ ਬਾਲ ਤੇਰੀਆਂ ਹੀ ਗੱਲਾ ਕਰਦੇ ਹਨ।

ਜਦ ਦੁੱਲਾ ਫਾਂਸੀ ਦੇ ਰੱਸੇ ਨੂੰ ਚੁੰਮਦਾ ਹੈ ਤਾਂ -

ਦੁੱਲਾ ਬੋਲ ਜੀਵੇ ਪੰਜਾਬ

ਕੋਤਵਾਲ ਸਦਾ ਜੀਵੇ ਪੰਜਾਬ।

ਮੇਰੇ ਨਿਕੇ ਨਿਕੇ ਬਾਲ

ਇਸ ਨਾਟਕ ਵਿੱਚ ਨਾਟਕਕਾਰ ਨੇ ਲੋਕਾਂ ਦੀ ਏਕਤਾ ਅਤੇ ਇਕਜੁਟਤਾ ਦੇ ਸਨਮੁੱਖ ਵੱਡੀਆਂ ਤਾਕਤਾਂ ਨੂੰ ਟੁੱਟਦੇ ਵਖਾਇਆ ਹੈ। ਇਸ ਨਾਟਕਕਾਰ ਦਾ ਉਦੇਸ਼ ਇਹਨਾਂ ਅਰਥਾਂ ਦਾ ਸੰਚਾਰ ਕਰਨ ਵਿੱਚ ਹੈ ਕਿ ਜਦੋਂ ਬੰਦੇ ਕੋਲ ਬੁਲੰਦ ਹੌਸਲਾ ਹੋਵੇ ਅਤੇ ਦ੍ਰਿੜ ਇਰਾਦਾ ਹੋਵੇ ਤਾਂ ਉਹ ਵੱਡੀਆਂ ਵੱਡੀਆਂ ਤਾਕਤਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਹੋ

ਜਾਂਦਾ ਹੈ। ਇਸ ਨਾਟਕ ਵਿੱਚ ਇਸ ਸੰਦੇਸ਼ ਦਾ ਸੰਚਾਰ ਵੀ ਹੋਇਆ ਹੈ ਕਿ ਬੰਦੇ ਨੂੰ ਆਪਣੇ ਦੇਸ਼ ਅਤੇ ਕੌਮ ਲਈ ਹਰ ਕੁਰਬਾਨੀ ਕਰਨ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਮੇਜਰ ਇਸਹਾਕ ਮੁਹੰਮਦ ਨੇ ਆਪਣੇ ਨਾਟਕ 'ਕੁਕਨਸ' ਵਿਚ ਦੁੱਲੇ ਭੱਟੀ ਦੀ ਮੂਲ ਕਥਾ ਨੂੰ ਅਜੋਕੀਆਂ ਸਥਿਤੀਆਂ ਦੇ ਪਰਿਪੇਖ ਵਿੱਚ ਨਵੀਨ-ਅਰਥਾਂ ਵਿਚ ਉਜਾਗਰ ਕੀਤਾ ਹੈ। ਇਸੇ ਕਰਕੇ ਇਸ ਨਾਟਕ ਵਿਚ ਦੁੱਲਾ ਭੱਟੀ ਲੋਕਨਾਇਕ ਬਣ ਗਿਆ ਹੈ ਜੋ ਆਪਣੇ ਦੇਸ਼ ਪੰਜਾਬ ਦੀ ਸ਼ਾਨ ਬਚਾਉਣ ਲਈ ਆਪਣੀ ਜਾਨ ਕੁਰਬਾਨ ਕਰਦਾ ਹੈ। ਇਸ ਨਾਟਕ ਵਿਚੋਂ ਇਹਨਾਂ ਅਰਥਾਂ ਦਾ ਵੀ ਪ੍ਰਗਟਾਵਾ ਹੁੰਦਾ ਹੈ ਕਿ ਜ਼ੁਲਮ ਜਾ ਕਿਸੇ ਵੀ ਵਧੀਕੀ ਦਾ ਮੁਕਾਬਲਾ ਇਕੱਠੇ ਹੋ ਕੇ ਹੀ ਕੀਤਾ ਜਾ ਸਕਦਾ ਹੈ। ਇੱਕਲਾ ਵਿਅਕਤੀ ਕੁਝ ਵੀ ਨਹੀਂ ਕਰ ਸਕਦਾ। ਇਹੀ ਦੇਸ ਭਗਤੀ ਦੀ ਭਾਵਨਾ ਹੈ ਅਤੇ ਇਹੀ ਕੁਕਨਸ ਦੀ ਪ੍ਰਤੀਕਾਤਮਕਤਾ ਹੈ ਕਿ ਦੁੱਲੇ ਦੀ ਮੌਤ ਪਿੱਛੋਂ ਪੰਜਾਬ ਦੀ ਧਰਤੀ ਹਮੇਸ਼ਾ ਇਹੋ ਜਿਹੇ ਸੂਰਬੀਰ ਯੋਧਿਆਂ ਨੂੰ ਜਨਮ ਦਿੰਦੀ ਰਹੇਗੀ।

**6.5 ਪ੍ਰਗਤੀਵਾਦੀ ਵਿਚਾਰਧਾਰਾ ਦਾ ਪ੍ਰਗਟਾਵਾ**:- 'ਕੁਕਨਸ' ਨਾਟਕ ਦੀ ਕਥਾ ਦਾ ਇਕ ਪਾਸਾਰ ਪ੍ਰਗਤੀਵਾਦੀ ਵਿਚਾਰਧਾਰਾ ਪ੍ਰਤੀ ਚੇਤਨਾ ਪੈਦਾ ਕਰਨਾ ਵੀ ਹੈ। ਪਾਕਿਸਤਾਨੀ ਪੰਜਾਬ ਦੀਆਂ ਆਰਥਿਕ ਸਮਾਜਿਕ ਸਥਿਤੀਆਂ ਸ਼ੁਰੂ ਤੋਂ ਹੀ ਤਾਕਤਵਰ ਧਿਰਾਂ ਵੱਲੋ ਪ੍ਰਭਾਵਿਤ ਕੀਤੀਆਂ ਜਾਦੀਆਂ ਰਹੀਆਂ ਹਨ। ਕਿਤੇ ਨਾ ਕਿਤੇ ਲੇਖਕ ਸਮਾਜਵਾਦੀ ਵਿਚਾਰਧਾਰਾ ਦਾ ਪੱਖ ਪੂਰਦਾ ਵੀ ਨਜ਼ਰ ਪੈਂਦਾ ਹੈ। ਇਸੇ ਲਈ ਹੀ ਉਹ ਦੁੱਲੇ ਦੇ ਪਾਤਰ ਰਾਹੀਂ ਲੋਕ ਸੰਘਰਸ਼ ਦੀ ਲੋੜ ਨੂੰ ਦੁਹਰਾਉਂਦਾ ਹੈ। ਇਸ ਨਾਟਕ ਵਿਚ ਮੇਧਾ ਖੱਤਰੀ ਦੁੱਲੇ ਨੂੰ ਸਮਝਾਉਂਦਾ ਹੈ ਕਿ ਉਹ ਰਾਠਾਂ ਨਾਲ ਰਲ ਕੇ ਅਕਬਰ ਦਾ ਵਿਰੋਧ ਕਰੋ, ਪਰ ਦੁੱਲਾ ਇਸ ਨੀਤੀ ਉੱਪਰ ਨਹੀਂ ਚਲਦਾ, ਕਿਉਂਕਿ ਉਸ ਨੂੰ ਪਤਾ ਹੈ ਕਿ ਪੇਰੂ (ਪੋਰਸ) ਇਸੇ ਨੀਤੀ ਉੱਪਰ ਚਲਿਆ ਸੀ। ਪਰ ਉਸ ਵੇਲੇ ਦੇ ਰਿਆਸਤੀ ਰਾਜਿਆਂ, ਰਾਠਾਂ ਅਤੇ ਜਗੀਰਦਾਰਾਂ ਨੇ ਉਸ ਦਾ ਸਾਥ ਨਹੀਂ ਦਿੱਤਾ ਸੀ ਤੇ ਉਹ ਇਕੱਲਾ ਹੀ ਸਿਕੰਦਰ ਦੇ ਵਿਰੁੱਧ ਲੜਿਆ ਸੀ ਤੇ ਹਾਰ ਗਿਆ ਸੀ । ਦੁੱਲਾ ਪੰਜਾਬ ਦੇ ਆਮ ਆਵਾਮ ਨੂੰ ਨਾਲ ਲੈ ਕੇ ਅਕਬਰ ਨਾਲ ਮੁਕਾਬਲਾ ਕਰਨਾ ਚਾਹੁੰਦਾ ਹੈ। ਇਹੀ ਕਾਰਣ ਹੈ ਕਿ ਦੁੱਲੇ ਦੇ ਸਾਥੀ ਜੋ ਇਸ ਨਾਟਕ ਵਿਚ ਵਿਖਾਏ ਗਏ ਹਨ। ਪੰਜਾਬ ਦੇ ਆਮ ਲੋਕ ਹਨ। ਇਹ ਲੋਕ ਰਲ ਕੇ ਦੁੱਲੇ ਦਾ ਸਾਥ ਦਿੰਦੇ ਹਨ। ਨਾਟਕ ਵਿੱਚ ਪ੍ਰਸਤੁਤ ਹੋ ਰਹੇ ਅਜਿਹੇ ਵਿਚਾਰ ਸਮਾਜਵਾਦੀ ਵਿਚਾਰਧਾਰਾ ਦੀ ਸਥਾਪਤੀ ਦੇ ਹੱਕ ਵਿਚ ਹਨ। ਦੁੱਲੇ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਲੋਕ ਨਹੀਂ ਚਾਹੁੰਦੇ ਕਿ ਮਿਹਨਤ ਦਾ ਮੁੱਲ ਇਕ ਸਰਮਾਏਦਾਰ ਸਾਮੰਤਵਾਦੀ ਲੁਟੇਰਾ ਲੁੱਟ ਕੇ ਲੈ ਜਾਵੇ । ਇਹ ਗੱਲ ਦੁੱਲੇ ਤੇ ਗਾਹਣੇ ਲੁਹਾਰ ਦੇ ਇਸ ਸੰਵਾਦ ਵਿਚੋਂ ਸਪਸ਼ਟ ਹੋ ਜਾਂਦੀ:-

ਗਾਹਣਾ: ਦੁੱਲਿਆ! ਆਉ ਪਤਾ ਕਰੀਏ ਏਸ ਪੰਜਾਬ ਦਾ। ਨਿਕਲ ਟੁਰੀਏ ਇਹਦੀਆਂ ਵੱਖੋ ਵੱਖ ਬੋਲੀਆਂ ਇਹਦੀਆਂ ਵਸੇਬਾਂ ਤੇ ਰਹਿਤਲਾਂ, ਇਹਦੇ ਇਲਮ ਤੇ ਫਨ. ਇਹਦਾ ਪਿੰਡਾ ਤੇ ਰੂਹ, ਇਹਦੇ ਵਜੂਦ ਦਾ ਪਤਾ ਥਹੁ ਤੇ ਲਾਈਏ, ਮਾੜੀਆਂ ਚੀਜਾਂ ਛੱਡੀਏ ਤੇ ਚੰਗੀਆਂ ਅਪਣੀਏ।

ਦੁੱਲਾ: (ਉਹਦੀ ਗੱਲ ਟੋਕ ਕੇ) ਯਾਰ ਗਾਹਿਇਆ । ਇਹ ਗੱਲ ਤੇ ਮੇਧਾ ਵੀ ਆਖਦਾ ਹੈ। ਤਿੰਨ ਸੌ ਸੱਠ ਬੁੱਤ ਢਾਹ ਕੇ ਇਕ ਕਾਅਬਾ ਰੱਖੀਏ । ਸੌ ਤੀਰਥਾਂ ਉੱਤੇ ਇਕ ਤੀਰਥ ਹੋਵੇ। ਕਬੀਲੇ ਜੋੜ ਕੇ ਕੌਮ ਬਣੇ, ਪੰਜਾਬ ਦੇ ਸਾਰੇ ਗਠਾਂ ਉੱਪਰ

ਇਕ ਬਾਦਸ਼ਾਹ ਬਣੇ, ਤੇ ਵਪਾਰ ਦੇ ਕਾਫ਼ਲੇ ਤੇ ਵਪਾਰ ਦਾ ਮਾਲ ਤੇ ਮੰਡੀ ਏਸ ਪੰਜਾਬ ਦੇ ਵਜੂਦ ਦਾ ਮੁੱਢ ਰੱਖ ਦੇਵਣ।

ਗਾਹਣਾ: ਮੇਧਾ ਅਸਲ ਵਿਚ ਰਾਠਾਂ ਨੂੰ ਜੋੜਨ ਦੀ ਗੱਲ ਕਰਦਾ ਹੈ। ਮੈਂ ਲੋਕਾਈ ਨੂੰ ਇਕ ਥਾ ਕਰਨ ਦੀ ਗੱਲ ਕਰਦਾ ਹਾਂ। ਮੇਧੇ ਵਾਲੀ ਗੱਲ ਤੇ ਸਕੰਦਰ ਯੂਨਾਨੀ ਵੇਲੇ ਵੀ ਹੋਈ ਹੈ। ਪੁਰੂ (ਪੋਰਸ) ਨੇ ਯੂਨਾਨੀਆਂ ਦੇ ਰੋਕਣ ਕਾਰਨ ਪੰਜਾਬ ਦੇ ਰਾਠਾਂ ਨੂੰ ਜੋੜਨ ਦੀ ਗੱਲ ਕੀਤੀ। ਉਹ ਕੱਲਾ ਈ ਸਕੰਦਰ ਨਾਲ ਭਿੜ ਗਿਆ ਤੇ ਹਾਰ ਗਿਆ। ਪੰਜਾਬ ਦੇ ਬਾਕੀ ਲੋਕਾਂ ਵੀ ਸਿਕੰਦਰ ਕੋਲੋਂ ਕੱਲੇ ਮਾਰ ਖਾਧੀ। ਮੁੜ ਪੁਰੂ ਨੇ ਸਕੰਦਰ ਨਾਲ ਰਲ ਕੇ ਪੰਜਾਬ ਨੂੰ ਜੋੜਨ ਦੀ ਕੋਸ਼ਿਸ਼ ਕੀਤੀ ਤਾਂ ਜੋ ਵਿਚ ਵੜ ਕੇ ਯੂਨਾਨੀਆਂ ਨੂੰ ਚਲਦਾ ਕਰੇ। ਪਰ ਟੈਕਸਲਾ ਦੇ ਬ੍ਰਾਹਮਣ ਵਿਸ਼ਨੂ ਗੁਪਤ ਕੌਟਲਿਆ ਨੇ ਇਸ ਫਲ ਨੂੰ ਪੁਰੂ ਦੇ ਹੱਥੋਂ ਲੈ ਕੇ, ਚੰਦਰਗੁਪਤ ਦੇ ਹਵਾਲੇ ਜਾ ਕੀਤਾ ਤੇ ਇਉਂ ਬਣੀ ਹੋਈ ਗੱਲ ਵਿਗੜ ਗਈ।

ਦੁੱਲਾ : ਸਮਝਿਆ । ਮੇਧਾ ਮੇਰੇ ਵਿਚ ਫੂਕ ਭਰ ਕੇ ਮੇਰਾ ਅਕਬਰਾ ਬਨਾਉਣਾ ਚਾਹੁੰਦਾ ਏ । ਤੇ ਤੂੰ ਮੇਰੀ ਫੂਕ ਕੱਢ ਕੇ ਮੇਰਾ ਸੁਰਮਚੂ ਬਨਾਉਨਾ ਏਂ। ਅਕਬਰਾਂ ਤੇ ਮੈਂ ਨਈਓ ਬਣਨਾ। ਤੂੰ ਆਪਣਾ ਨੁਸਖਾ ਅਜਮਾ ਲੈ ਗਾਹਣਿਆ । ਮਤਾਂ ਇਹਨਾਂ ਅੱਜ ਦੇ ਯੂਨਾਨੀਆਂ ਤੋਂ ਜਾਨ ਛੁੱਟੇ।

ਨਾਟਕਕਾਰ ਨੇ ਇਸ ਨਾਟਕ ਰਾਹੀਂ ਮਨੁੱਖ ਅਤੇ ਉਸਦੇ ਜਿਉਂਦੇ ਰਹਿਣ ਲਈ ਸੰਘਰਸ਼ ਕਰਨ ਦੀ ਲੋੜ ਦੇ ਸੁਨੇਹੇ ਨੂੰ ਵਿਸ਼ੇਸ਼ ਰੂਪ ਵਿੱਚ ਪ੍ਰਸਤੁਤ ਕੀਤਾ ਹੈ। ਸੰਘਰਸ਼ ਕਰਨ ਨਾਲ ਹੀ ਮਨੁੱਖ ਨੂੰ ਮਿਥੇ ਹੋਏ ਨਿਸ਼ਾਨਿਆਂ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਮਨੁੱਖ ਨੂੰ ਮਿੱਥੀ ਹੋਈ ਮੰਜਲ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਦੇ ਮਿੱਥੇ ਹੋਏ ਰਿਸਤਿਆ ਦੇ ਅਰਥ ਬਦਲਣ ਲੱਗਦੇ ਹਨ। ਇਸ ਵਿਚ ਹੀ ਵਿਗਿਆਨਕ ਯੁੱਗ ਵੱਲ ਤੁਰਨ ਦੀ ਸ਼ਕਤੀ ਹੁੰਦੀ ਹੈ ਜਿਸ ਨੂੰ ਆਲਮ ਤੇ ਮਿਸਤਰੀ ਰਲ ਕੇ ਨਵੀਂ ਜਿਨਸ ਬਣਾਉਂਦੇ ਪਏ ਹਨ। ਇਹ ਨਾਟਕ ਆਮ ਲੋਕਾਂ ਨੂੰ ਨਵੀਂ ਚੇਤਨਾ ਤੋਂ ਜਾਣੂ ਕਰਵਾਉਂਦਾ ਹੈ। ਸੋ ਇਵੇਂ ਇਸ ਤੋਂ ਪਹਿਲਾ ਕਿ ਦੁੱਲਾ ਆਪਣੇ ਟੀਚੇ ਤੋਂ ਲਾਂਭੇ ਹੋ ਜਾਂਦਾ ਅਤੇ ਉਹ ਲੋਕਨਾਇਕ ਪੂਰੀ ਲੋਕ-ਸਕਤੀ ਨੂੰ ਹੜ੍ਹ ਨਾ ਸਕਦਾ। ਇਸੇ ਕਰਕੇ ਬਾਬੇ ਦਾ ਪਾਤਰ ਉਸ ਨੂੰ ਇਸ ਪਖੋਂ ਚੇਤਨ ਕਰਦਾ ਹੈ। ਇਉਂ ਇਸ ਨਾਟਕ ਦਾ ਵਿਸ਼ਾ ਨਿਰੋਲ ਸਮਾਜਵਾਦੀ ਚੇਤਨਾ ਦਾ ਵਿਸ਼ਾ ਬਣ ਜਾਂਦਾ ਹੈ । ਇਕ ਪਾਸੇ ਲੋਕ-ਸ਼ਕਤੀ ਦੀ ਪ੍ਰਤੀਨਿਧਤਾ ਦੁੱਲਾ ਲੋਕ-ਨਾਇਕ ਦੇ ਰੂਪ ਵਿਚ ਕਰਦਾ ਹੈ ਅਤੇ ਦੂਜੇ ਪਾਸੇ ਰਾਠਾਂ ਤੇ ਵਿਉਪਾਰੀਆਂ ਦੀ ਸ਼ਕਤੀ ਦਾ ਪ੍ਰਤੀਕ ਅਕਬਰ ਹੈ। ਉਸ ਦਾ ਅਖੌਤੀ ਧਾਰਮਿਕ ਚਿਹਰਾ ਧਰਮ ਨੂੰ ਵਰਗਲਾ ਰਿਹਾ ਹੈ।

ਇਵੇਂ ਵੇਖਿਆ ਜਾਵੇ ਤਾਂ ਇਹ ਸਾਰਾ ਨਾਟਕ ਸਮਾਜਵਾਦੀ ਚੇਤਨਾ ਵਾਲਾ ਵਾਤਾਵਰਣ ਉਸਾਰਦਾ ਹੈ। ਜੋ ਕਲ੍ਹ ਤਕ ਹੋਈ ਘਟਨਾ ਦਾ ਜ਼ਿਕਰ ਕਰਕੇ 'ਭਲਕ' ਦੀ ਯੋਜਨਾ-ਬੰਦੀ ਨੂੰ ਵੀ ਉਜਾਗਰ ਕਰਦਾ ਹੈ । ਗਾਹਣਾ ਨਾਟਕਕਾਰ ਦੀ ਸੋਚ ਦੀ ਪ੍ਰਤੀਨਿਧਤਾ ਕਰਦਾ ਹੈ। ਮਾਰਕਸਵਾਦੀ ਵਿਚਾਰਧਾਰਕ ਦ੍ਰਿਸ਼ਟੀ ਅਨੁਸਾਰ ਕਾਮਿਆ ਤੇ ਮਜ਼ਦੂਰਾ ਦੀ ਜਮਾਤ ਦਾ ਸੰਘਰਸ ਉਭਾਰਨ ਲਈ ਲਾਮਬੰਦੀ ਵਲ ਯਤਨ ਜ਼ਰੂਰ ਹੋਏ ਭਾਵੇਂ ਇਸ ਵਿਚ ਸੰਘਰਸ਼ ਦੀ ਏਕਤਾ ਨਹੀਂ ਬਣ ਸਕੀ।

ਨਾਟਕ ਦੇ ਪਾਤਰ ਆਰਥਿਕ ਆਧਾਰ ਉੱਪਰ ਲੋਟੂ ਤੇ ਲੁੱਟੀ ਜਾ ਰਹੀਆਂ ਜਾਤੀਆਂ ਨਾਲ ਸੰਬੰਧ ਰਖਦੇ ਹਨ। ਇਸ ਪੱਖੋਂ ਵੇਖਿਆ ਜਾਵੇ ਤਾਂ ਮਸਤ (ਗੁਜਰੀ), ਸੁਰਮਚੂ (ਚੂਹੜਾ), ਕੱਲਾ (ਬਰਵਾਲਾ), ਸੋਲਾ (ਮਰਾਸੀ), ਦਾਦੂ (ਡਗਰ) ਦੁੱਲਾ, ਕੂਲਾ, ਬਾਈ (ਵੱਟੂ), ਪ੍ਰਿਥਾ, ਗੁੜਾ (ਜੱਟ) ਅਤੇ ਗਾਹਣਾ (ਲੁਹਾਰ) ਸਾਰੇ ਹੀ ਦਲਿਤ ਵਰਗ ਦੇ ਪਾਤਰ ਹਨ ਜੋ ਕ੍ਰਾਂਤੀ ਚਾਹੁੰਦੇ ਹਨ ਤੇ ਕ੍ਰਾਂਤੀ ਲਿਆ ਸਕਦੇ ਹਨ। ਇਹ ਸਾਰੇ ਪਾਤਰ ਨਿਮਨ-ਵਰਗ ਦੇ ਲੋਕ ਹਨ। ਇਹ ਉਹ ਲੋਕ ਹਨ ਜਿਨ੍ਹਾਂ ਵਿੱਚ ਬਹੁਤ ਸੰਭਾਵਨਾਵਾਂ ਹਨ। ਇਹਨਾਂ ਵਿੱਚ ਜਜ਼ਬੇ ਦੀ ਕੋਈ ਘਾਟ ਨਹੀਂ ਹੈ। ਇਹਨਾਂ ਸਾਧਨਹੀਣ ਲੋਕਾਂ ਕੋਲ ਗਵੌਣ ਲਈ ਕੁਝ ਵੀ ਨਹੀਂ ਹੈ ਪਰ ਜਿੱਤਣ ਲਈ ਪੂਰੀ ਦੁਨੀਆਂ ਪਈ ਹੈ। ਅਮੀਰ ਅਤੇ ਪੈਸੇ ਵਾਲੇ ਪਾਤਰ ਤਾਕਤਵਰ ਅਤੇ ਸੱਤਾਵਾਨ ਧਿਰਾਂ ਦੀ ਪ੍ਰਤੀਨਿਧਤਾ ਕਰਦੇ ਹਨ। ਦੁੱਲਾ ਅਤੇ ਉਸਦੇ ਸਾਥੀ ਚੇਤਨ ਅਤੇ ਸੰਘਰਸ਼ ਸ਼ੀਲ ਧਿਰਾਂ ਦੀ ਪ੍ਰਤਿਨਿਧਤਾ ਕਰਦੇ ਹਨ। ਸਮਾਜਵਾਦੀ ਦ੍ਰਿਸ਼ਟੀਕੋਣ ਤੋਂ ਇਹਨਾਂ ਪਾਤਰਾਂ ਵਿਚੋਂ ਇਹਨਾਂ ਦਾ ਕਿਰਦਾਰ ਝਲਕਦਾ ਹੈ ਜੋ ਨਾਟਕੀ ਵਿਸ਼ੇ ਨੂੰ ਨਿਰੋਲ ਸਮਾਜਵਾਦੀ ਚੇਤਨਾ ਵਾਲਾ ਨਾਟਕ ਬਣਾਉਣ ਵਿੱਚ ਸਹਾਇਕ ਹੁੰਦੀ ਹੈ।

ਨਾਟਕਕਾਰ ਨੇ ਪੰਜਾਬੀ ਸਮਾਜ ਵਿੱਚ ਚੀੜੀ ਜਾਤਪਾਤੀ ਪ੍ਰਣਾਲੀ ਦਾ ਵੀ ਨਾਟਕ ਵਿੱਚ ਖੰਡਨ ਕੀਤਾ ਹੈ। ਦਲਿਤ ਲੋਕਾਂ ਵਿੱਚ ਪੈਦਾ ਹੋ ਰਹੀ ਚੇਤਨਾ ਅਤੇ ਹੌਸਲੇ ਨੂੰ ਵੀ ਪ੍ਰਤੀਕ ਰੂਪ ਵਿੱਚ ਨਾਟਕਕਾਰ ਪੇਸ਼ ਕਰਦਾ ਹੈ। ਨਾਟਕਕਾਰ ਨੇ ਸਮਾਜ ਦੇ ਹਰ ਵਰਗ ਵਿੱਚੋਂ ਪਾਤਰ ਚੁਣੇ ਹਨ ਜਿਵੇਂ ਸੁਰਮਚੂ ਜੋ ਜਾਤ ਦਾ ਚੂਹੜਾ ਹੈ ਮੇਧੇ ਖੱਤਰੀ ਵੱਲੋਂ ਵਾਰ-ਵਾਰ ਜਾਤੀ ਸੂਸਕ ਸ਼ਬਦ ਕਹਿਣ 'ਤੇ ਜੋਸ ਵਿਚ ਕਹਿੰਦਾ ਹੈ 'ਓਏ ਅੱਗ ਲਾਵਾ ਤੇਰੇ ਧਰਮ ਨੂੰ ਕੁੱਤਿਆ, ਖੱਤਰੀਆ। ਲੋੜਵੰਦ ਲੋਕਾਂ ਦੀ ਲੁੱਟ ਹੀ ਤੇਰਾ ਧਰਮ ਏ। ਓਏ ਤੇਰੇ ਏਸ ਧਰਮ ਨੇ ਤਾਂ ਸਾਡਾ ਸਤਿਆਨਾਸ ਕਰ ਛੱਡਿਆ ਏ, ਅਸਾਨੂੰ ਆਪਣੇ ਈ ਵਜੂਦ ਨਾਲ ਨਫਰਤ ਹੋ ਗਈ ਹੈ। ਅਸੀ ਆਪ ਈ ਆਪਣੇ ਆਪ ਨੂੰ ਘਟੀਆ ਜਾਨਣ ਲਗ ਪਏ ਹਾਂ। ਆਪਣੀ ਈ ਜਾਤ ਨਾਲੋ ਟੁਟ ਗਏ ਆ।'

ਮੇਧਾ ਸੰਸਾਰ ਦੇ ਪੂਰੇ ਪੂੰਜੀਪਤੀ ਵਰਗ ਦਾ ਪ੍ਰਤੀਕ ਹੈ ਜੋ ਆਪਣੇ ਧਨ-ਦੌਲਤ ਤੇ ਹੋਰ ਸਾਧਨਾਂ ਨਾਲ ਬਾਦਸ਼ਾਹਾਂ ਨੂੰ ਕੇਵਲ ਆਪਣੀ ਪੂੰਜੀ ਦਾ ਰਾਖਾ ਬਣਾ ਕੇ ਆਪਣੇ ਮੁਫਾਦਾਂ ਲਈ ਲੋਕਾਈ ਦਾ ਖੂਨ ਪੀਂਦੇ ਹਨ। ਇਹ ਗੱਲ ਮੇਧੇ ਦੀ ਆਪਣੀ ਵਾਰਤਾਲਾਪ ਤੋਂ ਹੀ ਸਿੱਧ ਹੋ ਜਾਂਦੀ ਹੈ- 'ਲੈ ਫੇਰ ਸੁਣ ਵਪਾਰ ਦਾ ਕੰਮ ਪੈਦਾ ਕਰਨਾ ਨਹੀਂ । ਇਹਦਾ ਕੰਮ ਖਰੀਦਣਾ ਤੇ ਵੇਚਣਾ ਹੈ । ਏਨੇ ਵਿਚ ਈ ਦੁਨੀਆਂ ਦੇ ਦਸ ਹਿੱਸਿਆ ਵਿਚੋਂ ਨੌ ਹਿੱਸੇ ਵਪਾਰੀਆ ਕੋਲ ਨੇ। ਇਹ ਬਾਦਸ਼ਾਹ ਤੇ ਰਾਜੇ ਸਾਰੇ ਬਸ ਵਪਾਰੀਆਂ ਦੇ ਕੋਤਵਾਲ ਤੇ ਪਹਿਰੇਦਾਰ ਨੇ ਜਿਹੜੇ ਉਹਨਾਂ ਦੇ ਕਾਫਲਿਆਂ ਦੇ ਰਸਤੇ ਖੁੱਲ੍ਹੇ ਰਖਦੇ ਨੇ ਤੇ ਉਹਨਾਂ ਨੂੰ ਤੇਰੇ ਵਰਗਿਆਂ ਦੀ ਲੁਟਮਾਰ ਤੋਂ ਬਚਾਉਂਦੇ ਨੇ ।" ਕਿੱਸਾ ਕਾਵਿ ਵਿਚਲਾ ਦੁੱਲਾ ਭਾਵੇਂ ਵਿਅਕਤੀਗਤ ਲੜਾਈ ਲੜਦਾ ਹੈ, ਪਰ ਕੁਕਨਸ ਵਿਚਲਾ ਦੁੱਲਾ ਸਮਾਜਵਾਦੀ ਚੇਤਨਾ ਤਹਿਤ ਜਾਗ੍ਰਿਤ ਤੇ ਚੇਤੰਨ ਲੋਕਨਾਇਕ ਬਣ ਕੇ ਉਭਰਦਾ ਹੈ, ਇਹ ਪੂਰੇ ਪੰਜਾਬ ਨੂੰ ਚੇਤਨ ਕਰਕੇ ਬਦੇਸ਼ੀ ਹਾਕਮਾਂ ਤੇ ਲੁਟੇਰੀਆਂ ਧਿਰਾਂ ਦੇ ਵਿਰੁੱਧ ਖੜ੍ਹਾ ਕਰਦਾ ਹੈ। ਇਹ ਦੁੱਲਾ ਸਮਾਜਿਕ ਚੇਤਨਾ ਅਤੇ ਸਮਾਜਿਕ ਤਬਦੀਲੀ ਮੁਦੱਈ ਹੈ। ਇਸੇ ਕਰਕੇ ਦੁੱਲਾ

ਆਪਣੇ ਪਿੰਡ ਦੇ ਨੌਜਵਾਨਾਂ ਅਤੇ ਸੰਗੀਆਂ ਸਾਥੀਆਂ ਨੂੰ ਇਸ ਸਮਾਜਿਕ ਘੋਲ ਵਿੱਚ ਸ਼ਾਮਿਲ ਕਰਦਾ ਹੈ ਤੇ ਗੁਰੀਲਾ ਯੁੱਧ ਨੀਤੀ ਦਾ ਪ੍ਰਯੋਗ ਕਰਕੇ ਗਿਣਤੀ ਥੋੜ੍ਹੀ ਹੋਣ ਦੇ ਭਾਵਜੂਦ ਆਖ਼ਰ ਨੂੰ ਜਿੱਤ ਪ੍ਰਾਪਤ ਕਰਦਾ ਹੈ।

ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਦੁੱਲਾ ਇਕ ਨੌਜਵਾਨ ਅਣਖੀ ਯੋਧਾ ਸੀ ਜਿਸ ਦੀ ਬਹਾਦਰੀ ਨੂੰ ਪੰਜਾਬ ਦੀ ਲੋਕ ਮਾਨਸਿਕਤਾ ਨੇ ਪ੍ਰਵਾਨ ਕੀਤਾ ਸੀ। ਇਸੇ ਲੋਕ ਕਥਾ ਨੂੰ ਅਧਾਰ ਬਣਾ ਕੇ ਮੇਜਰ ਇਸਹਾਕ ਮੁਹੰਮਦ ਨੇ 'ਕੁਕਨਸ' ਨਾਟਕ ਰਾਹੀਂ ਇਸ ਕਥਾ ਨੂੰ ਮੁੜ ਕੇ ਵਿਉਂਤਿਆ ਹੈ। ਇਸ ਨਾਟਕ ਵਿੱਚ ਨਾਟਕਕਾਰ ਦੀ ਵਿਚਾਰਧਾਰਕ ਦ੍ਰਿਸ਼ਟੀ ਸਪੱਸ਼ਟ ਤੌਰ ਤੇ ਆਮ ਸਧਾਰਣ ਲੋਕਾਈ ਦੇ ਹੱਕ ਵਿੱਚ ਭੁਗਤਦੀ ਹੈ। ਦੁੱਲਾ ਲੇਖਕ ਦੀ ਇਸੇ ਲੋਕ ਪੱਖੀ ਵਿਚਾਰਧਾਰਕ ਦ੍ਰਿਸ਼ਟੀ ਦੀ ਪ੍ਰਤਿਨਿਧਤਾ ਕਰਦਾ ਹੈ।

## ਯੂਨਿਟ 6

ਇਸਹਾਕ ਮੁਹੰਮਦ ਦੇ ਨਾਟਕ 'ਕੁਕਨਸ' ਦੀ ਕੇਂਦਰੀ ਸਮੱਸਿਆ ਬਾਰੇ ਦੱਸੋ ।

'ਕੁਕਨਸ' ਨਾਟਕ ਵਿਚ ਪਾਕਿਸਤਾਨੀ ਪੰਜਾਬ ਦੀ ਕਿਸ ਕੇਂਦਰੀ ਸਮੱਸਿਆ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ? ਚਰਚਾ ਕਰੋ

ਉੱਤਰ :- ਸਾਹਿਤਕਾਰ ਸਮਾਜ ਵਿੱਚ ਰਹਿੰਦਾ ਹੋਇਆ ਕਈ ਤਰ੍ਹਾਂ ਦੀਆਂ ਸਮਾਜਿਕ, ਆਰਥਿਕ, ਰਾਜਸੀ ਸਥਿਤੀਆਂ ਨੂੰ ਦੇਖਦਾ ਅਤੇ ਉਹਨਾਂ ਦਾ ਮੁਤਾਲਿਆ ਕਰਦਾ ਹੈ। ਉਹ ਇਹਨਾਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਕਈ ਤਰ੍ਹਾਂ ਦੀਆਂ ਤਰਕੀਬਾਂ ਵੀ ਘੜਦਾ ਹੈ। ਉਹ ਕਈ ਸਮੱਸਿਆਵਾ ਨੂੰ ਪਾਠਕਾਂ/ਸਰੋਤਿਆਂ ਦੇ ਅੱਗੇ ਪੇਸ਼ ਕਰਦਾ ਹੈ ਤੇ ਇਹਨਾਂ ਦੇ ਸਮਾਦਾਨ ਲਈ ਕਲਪਨਾ ਵੀ ਕਰਦਾ ਹੈ। ਕੁਕਨਸ ਨਾਂ ਦੇ ਨਾਟਕ ਵਿਚ ਵੀ ਮੇਜਰ ਇਸਹਾਕ ਮੁਹੰਮਦ ਨੇ ਕੁਝ ਇਸੇ ਤਰ੍ਹਾਂ ਦੀਆਂ ਸਮਾਜਿਕ, ਆਰਥਿਕ ਅਤੇ ਰਾਜਸੀ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਉਹ ਇਹਨਾਂ ਦੇ ਹੱਲ ਲਈ ਸਾਡੀ ਲੋਕਧਾਰਾ ਦੇ ਮਹੱਤਵਪੂਰਣ ਪਾਤਰ ਦੁੱਲੇ ਦੀ ਕਥਾ ਦਾ ਪੁਨਰ ਸਿਰਜਣ ਕਰਦਾ ਹੈ। ਇਸ ਪੁਨਰ ਸਿਰਜਣਾ ਵਿੱਚ ਹੀ ਉਹ ਤਤਕਾਲੀ ਸਮੱਸਿਆਵਾਂ ਦਾ ਹੱਲ ਵੀ ਸਝਾਉਂਦਾ ਹੈ।

ਦੁੱਲਾ ਪੰਜਾਬ ਦੀ ਲੋਕਧਾਰਾ ਦਾ ਇਕ ਬਹੁਤ ਹੀ ਨਿਡਰ ਅਤੇ ਦਲੇਰ ਯੋਧਾ(ਡਾਕੂ) ਹੈ। ਡਾਕੂ ਉਹ ਵੇਲੇ ਦੀ ਸਰਕਾਰ ਲਈ ਹੈ ਪਰ ਪੰਜਾਬ ਦੀਆਂ ਦੱਬੀਆਂ ਕੁਚਲੀਆਂ ਅਤੇ ਹਾਸ਼ੀਆਗਤ ਧਿਰਾਂ ਲਈ ਉਹ ਫਰਿਤਾ ਹੈ। 'ਕੁਕਨਸ ਨਾਟਕ ਦਾ ਪਿਛੋਕੜ ਪੰਜਾਬ ਦੀ ਲੋਕ ਕਥਾ 'ਦੁੱਲਾ ਭੱਟੀ' ਉੱਤੇ ਆਧਾਰਿਤ ਹੈ । ਪੰਜਾਬ ਦੇ ਇਕ ਪ੍ਰਸਿੱਧ ਤਿਉਹਾਰ ਲੋਹੜੀ ਨਾਲ ਇਸ ਕਥਾ ਦਾ ਸੰਬੰਧ ਹੈ। ਇਸ ਲੋਕ ਨਾਇਕ ਦਾ ਨਾਮ ਦੁੱਲਾ ਭੱਟੀ ਹੈ। ਇਹ ਦੁੱਲਾ ਉਸ ਵੇਲੇ ਦੀ ਲੋਕ ਸ਼ਕਤੀ ਦਾ ਪ੍ਰਤੀਕ ਹੈ ਇਸਹਾਕ ਮੁਹੰਮਦ ਅਨੁਸਾਰ ਪੰਜਾਬ ਦੀਆਂ ਲੋਕ ਵਾਰਾਂ ਵਿਚ ਦਿੱਲੀ ਦੇ ਮੁਗਲ ਬਾਦਸ਼ਾਹ ਦੇ ਵਿਰੋਧ ਵਿੱਚ ਦੁੱਲੇ ਦੀਆਂ ਬਹੁਤ ਸਾਰੀਆਂ ਲੁਕਵਈਆਂ ਚਾਲਾਂ ਦੱਸੀਆਂ ਗਈਆਂ ਹਨ। ਇਸ ਨਾਟਕ ਵਿਚ ਉਸ ਵੇਲੇ ਦੀ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ ਜਦੋਂ ਮੁਗਲ ਬਾਦਸ਼ਾਹ ਅਕਬਰ ਦੀ ਫ਼ੌਜ ਵਿਚ ਓੜਕ ਦੁੱਲੇ ਦੇ ਆਹਮਣੇ-

ਸਾਹਮਣੇ ਆ ਗਈ। ਇਸ ਟਾਕਰੇ ਵਿਚ ਦੁੱਲੇ ਦੀ ਜਿੱਤ ਹੁੰਦੀ ਹੈ ਤੇ ਪੰਜਾਬ ਦੀ ਲੋਕ-ਸੱਤਾ ਉਹਨੂੰ ਜਿੰਦ-ਜਾਨ ਬਣਾ ਲੈਂਦੀ ਹੈ।"

'ਕੁਕਨਸ' ਨਾਟਕ ਦੀ ਕੇਂਦਰੀ ਸਮੱਸਿਆ ਇਹ ਕਿ ਉਸ ਦੌਰ ਵਿੱਚ ਮੁਗਲ ਹਕੂਮਤ ਪੰਜਾਬ ਦੀ ਮੁਜਾਰਾ ਸ਼੍ਰੇਣੀ ਅਤੇ ਛੋਟੀ ਕਿਸਾਨੀ ਦੀ ਬੇਤਹਾਸ਼ੀ ਲੁੱਟ ਕਰ ਰਹੀ ਸੀ। ਦੁੱਲਾ ਜਿਹੜਾ ਖ਼ੁੱਦ ਮੁਜਾਰਾ ਸ਼੍ਰੇਣੀ ਨਾਲ ਸਬੰਧਿਤ ਹੈ ਇਸ ਮੁਗਲ ਹਕੂਮਤ ਦੀ ਇਸ ਅੱਨੀ ਲੁੱਟ ਤੋਂ ਗ਼ਰੀਬ ਕਿਸਾਨਾਂ ਨੂੰ ਮੁਕਤੀ ਦੁਵਾਉਣਾ ਚਹੁੰਦਾ ਹੈ। ਇਸ ਲੋਕ ਕਥਾ ਤੋਂ ਪ੍ਰੇਰਿਤ ਹੋ ਕੇ ਇਸ ਨਾਟਕ ਦੀ ਰਚਨਾ ਕੀਤੀ ਗਈ ਹੈ।

ਦੇਸ਼ ਪ੍ਰੇਮ ਦੀ ਭਾਵਨਾ :- ਦੇਸ਼ ਪ੍ਰੇਮ ਅਧੀਨ ਦੇਸ਼ ਦੇ ਪ੍ਰਤਿ ਪ੍ਰੇਮ, ਤਿਆਗ, ਬਲੀਦਾਨ, ਵਫ਼ਾਦਾਰੀ, ਇਮਾਨਦਾਰੀ ਆਦਿ ਤੱਤ ਆਉਂਦੇ ਹਨ। ਨਾਟਕਕਾਰ ਨੇ ਆਪਣੇ ਵਿਚਾਰ ਅਧੀਨ ਨਾਟਕ ਵਿਚ ਕੁਕਨਸ ਨਾਂ ਦੇ ਪੰਛੀ ਦੁਆਰਾ ਦੇਸ ਭਗਤੀ ਦੀ ਭਾਵਨਾ ਦੁੱਲੇ ਵਿਚ ਪੈਦਾ ਕੀਤੀ ਹੈ। ਇਹ ਪੰਛੀ ਆਪਣੀ ਉਮਰ ਪੂਰੀ ਹੋਣ ਤੋਂ ਪਹਿਲਾ ਆਪਣੀ ਚਿਖਾ (ਚਿਤਾ) ਆਪ ਬਣਾ ਕੇ ਉਸ ਉੱਤੇ ਬੈਠ ਜਾਂਦਾ ਹੈ । ਉਸ ਤੋਂ ਬਾਅਦ ਦੀਪਕ ਰਾਗ ਗਾ ਕੇ ਉਹ ਚਿਤਾ ਨੂੰ ਅੱਗ ਲਾਉਂਦਾ ਹੈ। ਨਾਟਕ ਦੇ ਤੀਜੇ ਅੰਕ ਦੀ ਦੂਜੀ ਝਾਕੀ ਵਿਚ ਜਿਹੜਾ ਗੈਬੀ ਬਾਬਾ ਆਉਂਦਾ ਹੈ ਉਹ ਦੁੱਲੇ ਨੂੰ ਕੁਕਨਸ ਵਾਂਗ ਵੇਖਣ ਚਾਹੁੰਦਾ ਹੈ ਤਾਂ ਕਿ ਦੁੱਲਾ ਆਪਣੇ ਲਈ ਨਹੀਂ, ਸਗੋਂ ਆਪਣੇ ਦੇਸ ਤੇ ਦੇਸਵਾਸੀਆਂ ਲਈ ਲੜੇ ਤੇ ਜਾਨ ਕੁਰਬਾਨ ਕਰੇ ਤਾਂ ਜੋ ਉਨ੍ਹਾ ਦੇ ਦੇਸਵਾਸੀਆਂ ਦਾ ਜੀਵਨ ਅਜ਼ਾਦੀ ਵਾਲਾ ਹੋਵੇ। ਇਸ ਸੰਦਰਭ ਵਿਚ ਬਾਬੇ ਦੇ ਇਹ ਸ਼ਬਦ ਤੋਂ ਕੁਕਨਸ ਦਾ ਸਪੱਸਟੀਕਰਨ ਵੇਖਣਾ ਬਹੁਤ ਜਰੂਰੀ ਹੈ -

ਦੁੱਲਾ : ਲੈ ਵਈ ਗਾਹਣਿਆ ! ਇਕ ਨਵਾਂ ਨਾ ਵੀ ਸੁਣ ਲਿਆ, ਕੁਕਨਸ । ਹੱਛਾ ਜੀ! ਇਹਦੀ ਦੱਸੋ । ਤੁਸਾਂ ਤੇ ਅਸਾਨੂੰ ਇਨਾਮ ਦੇ ਚੱਕੀ-ਘੇਰੇ ਭਵਾਉਂਦੇ ਪਏ ਓ। ਮੋਈ ਸਿੱਖੀਆਂ-ਸੁੱਖੀਆਂ ਗੱਲਾਂ ਕਰੋ। ਅਸਾਂ ਜੱਟ ਬੰਦੇ ਹਾਂ। ਤੁਸਾਂ ਤੇ ਇਲਮ ਦੀਆਂ ਮਾਰਨਾ ਤਾਰਦੇ ਓ ਪਏ। ਇਹ ਕੁਕਨਸ ਕੀ ਹੋਇਆ ਜੀ?

ਵੀ ਲੰਮੀਆਂ ਲੱਕੜੀਆਂ ਜੋੜ ਕੇ ਉਹਨਾਂ ਵਿਚ ਪਹਿ ਜਾਂਦਾ ਏ ਤੇ ਰਾਗ ਗਾਉਂਦਾ ਏ, ਜਿਹੜਾ ਦੀਪਕ ਰਾਗ ਏ। ਇਹਦੇ ਨਾਲ ਲੱਕੜੀਆਂ ਨੂੰ ਅੱਗ ਲੱਗ ਜਾਂਦੀ ਏ ਤੇ ਕੁਕਨਸ ਸੜ ਕੇ ਸੁਆਹ ਹੋ ਜਾਂਦਾ ਹੈ । ਏਸ ਸੁਆਹ 'ਤੇ ਜਦ ਵਰਧਾ ਹੁੰਦੀ ਏ ਤਾਂ ਇਹ ਆਂਡਾ ਬਣ ਜਾਂਦਾ ਏ । US 88-89)

ਦੁੱਲੇ ਭੱਟੀ ਦੀ ਲੋਕ ਕਥਾ ਦੀ ਨਵੇਂ ਅਰਥਾਂ ਵਿਚ ਪੇਸ਼ਕਾਰੀ :- 'ਕੁਕਨਸ ਨਾਟਕ ਦੀ ਇਕ ਹੋਰ ਕੇਂਦਰੀ ਸਮੱਸਿਆ ਦੁੱਲੇ ਭੱਟੀ ਦੀ ਲੋਕ ਕਥਾ ਦੀ ਨਵੇਂ ਅਰਥਾਂ ਵਿਚ ਪੇਸ਼ਕਾਰੀ ਹੈ। ਵਿਚਾਰ ਅਧੀਨ ਨਾਟਕ ਵਿਚ ਦੁੱਲਾ ਭੱਟੀ ਇਕ ਲੋਕ ਨਾਇਕ ਹੈ । ਨਾਟਕਕਾਰ ਨਾਟਕ ਵਿਚ ਉਲੇ ਨੂੰ ਪਾਤਰ ਪਹਿਚਾਨ ਵਿਚ ਸਭ ਤੋਂ ਪਹਿਲੇ ਰੱਖਦਾ ਹੈ ਤੇ ਇਹ ਲਿਖਦਾ ਹੈ - ਦੁੱਲਾ ਭੱਟੀ ਰਾਜਪੂਤ ਫਰੀਦ ਦਾ ਪੁੱਤ, ਪਿੰਡੀ ਦਾ ਰਹਿਣ ਵਾਲਾ ।

(ਕੁਝ ਸਿੱਖਿਆ ਵਿਚ ਸਾਦਲ ਬਾਰ ਤੇ ਬਾਦਲ ਵਾਲ ਵੀ ਲਿਖਿਆ ਹੋਇਆ ਏ)

ਇਹ ਪਿੰਡ ਲਾਹੌਰੋਂ ਲਹਿੰਦੇ ਵੱਲ ਜਾਣ ਵਾਲੀ ਸੜਕ ਉੱਤੇ ਸਾਰਾ ਕੋਹ ਦੇ ਲਾਗ ਸਾਗ ਹੈ। (ਪੰਨਾ 17)

ਦੁੱਲਾ ਭੱਟੀ ਮੁਗਲ ਰਾਜ ਸਮੇਂ ਅਕਬਰ ਨਾਂ ਦੇ ਮੁਗਲ ਬਾਦਸ਼ਾਹ ਨਾਲ ਟੱਕਰ ਲੈਂਦਾ ਹੈ। ਉਸ ਦੇ ਅਕਬਰ ਨਾਲ ਟੱਕਰ ਲੈਣ ਦਾ ਕਾਰਨ ਉਸ ਦੇ ਪਿਉ ਦਾਦੇ ਜੋ ਮੁਗਲ ਦਰਬਾਰ ਦਾ ਵਿਰੋਧ ਕਰਦੇ ਸਨ, ਨੂੰ ਮਾਰ ਕੇ ਉਨ੍ਹਾਂ ਦੀਆਂ ਖੋਲਾਂ ਭਰਵਾ ਦੇ ਲਾਹੌਰ ਦਰਬਾਰ ਵਿਚ ਟੰਗ ਦੇਣ ਦਾ ਬਦਲਾ ਲੈਣਾ ਨਹੀਂ ਸਗੋਂ ਉਸ ਦੀ ਟੱਕਰ ਦਾ ਮੂਲ ਕਾਰਨ ਪੰਜਾਬ ਦੀ ਕਿਸਾਨੀ ਦਾ ਸਾਮਰਾਜੀ ਤਾਕਤਾਂ ਵੱਲੋਂ ਉਜਾੜੇ ਦਾ ਵਿਦਰੋਹ ਹੈ। ਉਹ ਪਿੰਡੀ ਖਾਤਰ ਲੜਦਾ ਹੈ । ਇਵੇਂ ਇਸਹਾਕ ਮੁਹੰਮਦ ਦੁੱਲੇ ਭੱਟੀ ਦੀ ਮੂਲ ਕਥਾ ਨੂੰ ਇਕ ਨਵੇਂ ਨਜ਼ਰੀਏ ਤੋਂ ਪੇਸ ਕਰਦਾ ਹੈ। ਨਾਟਕਾਰ ਨੇ ਦੁੱਲੇ ਨੂੰ ਉਸਾਰੂ ਸੋਚ ਦਾ ਮਾਲਿਕ ਅਤੇ ਦੇਸ ਭਗਤ ਬਣਾ ਕੇ ਇਸ ਨਾਟਕ ਵਿਚ ਪੇਸ਼ ਕੀਤਾ ਹੈ। ਇਸ ਕਰਕੇ ਉਹ ਅਕਬਰ ਨਾਲ ਲੜਾਈ ਆਪਣੇ ਲਈ ਨਹੀਂ ਲੜਦਾ, ਨਾ ਹੀ ਉਹ ਆਪਣੇ ਪਿਉ ਦਾਦੇ ਦਾ ਬਦਲਾ ਲੈਂਦਾ ਹੈ। ਉਹ ਲੜਾਈ ਆਪਣੇ ਪਿੰਡ ਪਿੰਡੀ (ਵਾਰ) ਨੂੰ ਬਚਾਉਣ ਲਈ ਲੜਦਾ ਹੈ। ਇਵੇਂ ਉਹ ਅਕਬਰ ਦੀ ਹਕੂਮਤ ਵੱਲੋਂ ਹੋ ਰਹੀਆਂ ਵਧੀਕੀਆ ਤੇ ਜੁਲਮ ਤੇ ਆਪਣੇ ਪਿੰਡ ਦੇ ਲੋਕਾਂ ਨੂੰ ਛੁਟਕਾਰਾ ਦਿਵਾਉਂਦਾ ਹੈ। ਨਾਟਕ ਵਿਚ ਦੁੱਲਾ ਕਹਿੰਦਾ ਹੈ -

ਦੁੱਲਾ - ਗਾਹਣਿਆ ! ਹਾਰ ਨੂੰ ਕਦੀ ਵੀ ਸਹਾਰਾ ਨਾ ਦਿਉ, ਜਿੱਥੇ ਹੜ ਅੱਗੇ ਬੰਨ੍ਹ ਟੁੱਟ ਜਾਵੇ ਓਥੇ ਮਿੱਟੀ ਪਾਵਣ ਦਾ ਕੀ ਫਾਇਦਾ ? ਪਿਛਾਂਹ ਹਟ ਕੇ ਨਵਾ ਬੰਨ ਲਾਉ। ਮੇਰੀ ਮੌਤ ਨਾਲ ਆਪਣੀਆਂ ਜਿੰਦਾਂ ਨਾ ਜੋੜੋ। ਜੋ ਘੜਨਾ ਸੋ ਭੱਜਣਾ, ਮੇਰੇ ਹੁਣ ਭੱਜਣ ਦਾ ਵੇਲਾ ਹੈ ... ।

ਮੇਰੀ ਜ਼ਿੰਦਗੀ ਤੇ ਤਦੇ ਈ ਬਣੀ ਏ ਜੇ ਤੁਸੀਂ ਜੀਉਂਦੇ ਰਹੇ। ਆਪ ਮਰ ਕੇ ਮੈਨੂੰ ਨਾ ਮਾਰੋ ਗਾਹਣਿਆਂ । (ਪੰਨਾ 94)

ਸਮਾਜਵਾਦੀ ਵਿਚਾਰਧਾਰਾ ਦਾ ਪ੍ਰਗਟਾਵਾ - ਵਿਦਵਾਨਾਂ ਅਨੁਸਾਰ ਸਮਾਜਵਾਦੀ ਚੇਤਨਾ ਨਾਲ ਸੰਬੰਧ ਰੱਖਣ ਵਾਲੀ ਵਿਚਾਰਧਾਰਾ ਨੂੰ ਸੌਖੇ ਸ਼ਬਦਾਂ ਵਿਚ ਸਮਾਜਵਾਦੀ ਵਿਚਾਰਧਾਰਾ ਕਿਹਾ ਜਾਂਦਾ ਹੈ। 'ਕੁਕਨਸ' ਨਾਟਕ ਦੀ ਇਕ ਕੇਂਦਰੀ ਸਮੱਸਿਆ ਸਮਾਜਵਾਦੀ ਵਿਚਾਰਧਾਰਾ ਦੀ ਚੇਤਨਾ ਨੂੰ ਪ੍ਰਗਟ ਕਰਨਾ ਹੈ, ਵਿਚਾਰ ਅਧੀਨ ਨਾਟਕ ਵਿਚ ਮੇਧਾ ਖੱਤਰੀ ਦੁੱਲੇ ਨੂੰ ਸਮਝਾਉਂਦਾ ਹੈ ਕਿ ਉਹ ਰਾਠਾਂ ਨਾਲ ਰਲ ਕੇ ਅਕਬਰ ਦਾ ਵਿਰੋਧ ਕਰੇ ਪਰ ਦੁੱਲਾ ਇਸ ਨੀਤੀ ਨੂੰ ਵਰਤੋਂ ਵਿਚ ਨਹੀਂ ਲਿਆਉਂਦਾ । ਇਸਦਾ ਕਾਰਨ ਇਹ ਹੈ ਕਿ ਉਸ ਨੂੰ ਪਤਾ ਹੈ ਕਿ ਪੇਰੂ (ਪੋਰਸ) ਇਸੇ ਨੀਤੀ ਉੱਪਰ ਚਲਿਆ ਸੀ, ਪਰ ਵਕਤ ਦੇ ਰਾਠਾਂ ਤੇ ਜਾਗੀਰਦਾਰਾ ਨੇ ਉਸ ਦਾ ਸਾਥ ਨਹੀਂ ਦਿੱਤਾ ਸੀ ਤੇ ਉਹ ਇਕੱਲਾ ਹੀ ਸਿਕੰਦਰ ਦੇ ਖਿਲਾਫ਼ ਲੜਿਆ ਸੀ ਤੇ ਹਾਰ ਗਿਆ ਸੀ।

ਦੁੱਲਾ ਪੰਜਾਬ ਦੇ ਆਮ ਆਵਾਮ ਨੂੰ ਨਾ ਲੈ ਕੇ ਅਕਬਰ ਨਾਲ ਮੁਕਾਬਲਾ ਕਰਨਾ ਚਾਹੁੰਦਾ ਹੈ। ਇਹੀ ਕਾਰਨ ਹੈ ਕਿ ਦੁੱਲੇ ਦੇ ਸਾਥੀ (ਜੋ ਇਸ ਨਾਟਕ ਵਿਚ ਵਿਖਾਏ ਗਏ ਹਨ) ਉਹ ਹਰ ਜਾਤ ਦੇ ਆਮ ਲੋਕ ਹਨ। ਇਹ ਸਮਾਜਵਾਦੀ ਵਿਚਾਰਧਾਰਾ ਦੀ ਸਥਾਪਤੀ ਦੇ ਹੱਕ ਵਿਚ ਹਨ। ਉਹ ਨਹੀਂ ਚਾਹੁੰਦੇ ਕਿ ਮਿਹਨਤ ਦਾ ਫਲ ਇਕ

ਸਰਮਾਏਦਾਰੀ ਸਾਮੰਤਵਾਦੀ ਲੁਟੇਰੇ ਲੁੱਟ ਕੇ ਲੈ ਜਾਣ। ਇਹ ਗੱਲ ਦੁੱਲੇ ਤੇ ਗਾਹਣੇ ਲੁਹਾਰ ਦੇ ਇਸ ਸੰਵਾਦ ਵਿਚ ਸਪੱਸਟ ਹੋ ਜਾਂਦੀ ਹੈ।

ਗਾਹਣਾ - ਦੁੱਲਿਆ । ਆਉ ਪਤਾ ਕਰੀਏ ਏਸ ਪੰਜਾਬ ਦਾ । ਨਿਕਲ ਟੁਰੀਏ ਤੇ ਇਹਦੀਆਂ ਵੱਖੋ-ਵੱਖ ਬੋਲੀਆਂ, ਇਹਦੀਆਂ ਵਸੇਬਾ ਤੇ ਰਹਿਲਤਾਂ, ਇਹਦੇ ਇਲਮ ਤੇ ਛਨ. ਇਹਦਾ ਪਿੰਡ ਤੇ ਰੂਹ ਇਹਦੇ ਵਜੂਦ ਦਾ ਪਤਾ ਖੁਹ ਤੇ ਲਈਏ, ਮਾੜੀਆਂ ਚੀਜ਼ਾਂ ਤੋੜੀਏ ਤੇ ਚੰਗੀਆ ਜੋੜੀਏ:

ਦੁੱਲਾ (ਉਹਦੀ ਗੱਲ ਟੁਕ ਕੇ) ਯਾਰ ਗਾਹਣਿਆ। ਇਹ ਗੱਲ ਤੇ ਮੇਧਾ ਵੀ ਆਖਦਾ ਹੈ। ਤਿੰਨ ਸੌ ਸੱਠ ਬੁੱਤ ਢਾਹ ਕੇ ਇਕ ਕਾਅਬਾ ਰੱਖੀਏ। ਸੌ ਤੀਰਥਾਂ ਉੱਤੇ ਇਕ ਤੀਰਥ ਹੋਵੇ। ਕਬੀਲੇ ਜੋੜ ਕੇ ਕੰਮ ਬਣੇ, ਪੰਜਾਬ ਦੇ ਸਾਰੇ ਰਾਠਾਂ ਉੱਪਰ ਇਕ ਬਾਦਸ਼ਾਹ ਬਣੇ, ਤੇ ਵਪਾਰ ਦੇ ਕਾਫਲੇ ਤੇ ਵਪਾਰ ਦਾ ਮਾਲ ਤੇ ਮੰਡੀ ਏਸ ਪੰਜਾਬ ਦੇ ਵਜੂਦ ਦਾ ਮੁੱਢ ਰੱਖ ਦੇਵਣ ।

ਇਸ ਸੰਬੰਧੀ ਡਾ. ਹਰਬੰਸ ਸਿੰਘ ਧੀਮਾਨ ਦੇ ਵਿਚਾਰ ਬੜੇ ਮਹੱਤਵਪੂਰਨ ਅਤੇ ਦਲੀਲ ਯੋਗ ਜਾਪਦੇ ਹਨ। ਉਨ੍ਹਾਂ ਅਨੁਸਾਰ, ਲੋਕਨਾਇਕ ਦੁੱਲੇ ਭੱਟੀ ਦੀਆਂ ਵਾਰਾਂ ਨੂੰ ਆਧਾਰ ਬਣਾ ਕੇ ਹੋਰਾ ਵਾਗ ਮੇਜਰ ਇਸਹਾਕ ਮੁਹੰਮਦ ਨੇ ਵੀ ਕੁਕਨਸ' ਨਾਟਕ ਲਿਖਿਆ ਹੈ। ਇਹ ਪ੍ਰਤੀਕਾਤਮਕ ਸ਼ੈਲੀ ਵਿਚ ਅੱਜ ਦੀ ਰਾਜਸੀ ਟੱਕਰ ਨੂੰ ਉਭਾਰਦਾ ਹੈ। ਹਰ ਸਮੇਂ ਲੋਕ ਨਾਇਕ ਦਾ ਸਥਾਪਿਤ ਸੱਤਾ ਨਾਲ ਵਿਰੋਧ ਉਭਰਦਾ ਹੈ। ਇਸ ਨੂੰ ਹੀ ਇਸਹਾਕ ਮੁਹੰਮਦ ਮੰਨਦਿਆਂ ਲਿਖਦਾ ਹੈ ਕਿ ਕੁਕਨਸ ਡੁੱਬ ਕੇ ਮੁੜ ਚੜ੍ਹਦੇ ਸੂਰਜ ਤੋਂ ਮੌਤ ਮਗਰੋਂ ਨਵੀਂ ਹਿਯਾਤੀ ਦਾ ਨਿਸ਼ਾਨ ਹੈ। ਉਦਾਸ ਸ਼ਾਮ ਦੀ ਤਵਾਰੀਖ ਵਿਚ ਕੁਕਨਸ ਦੀ ਲੜੀ-ਟੁਰੀ ਆਉਂਦੀ ਏ।

ਇਹ ਨਾਟਕ ਮੇਜਰ ਇਸਹਾਕ ਮੁਹੰਮਦ ਦੀ ਵਿਚਾਰਧਾਰਕ ਦ੍ਰਿਸ਼ਟੀ ਦਾ ਪ੍ਰਤੌਅ ਹੈ। ਉਸਨੇ ਇਸ ਨਾਟਕ ਵਿੱਚ ਆਰਥਿਕ ਨਾਬਰਾਬਰੀ ਅਤੇ ਸਮਾਜਵਾਦੀ ਫ਼ਸਲਫੇ ਨੂੰ ਦ੍ਰਿਸ਼ਟੀਗੋਚਰ ਕਰਕੇ ਇਸ ਨਾਟਕ ਦਾ ਵਿਸ਼ਾ ਨਿਭਾਇਆ ਗਿਆ ਹੈ। ਇਸ ਦੀ ਸਾਰਥਕਤਾ ਨੂੰ ਕਾਇਮ ਰੱਖਣ ਲਈ ਚੁਸਤ ਵਾਰਤਾਲਾਪ ਜਰੂਰੀ ਹਨ। ਇਸ ਨਾਟਕ ਵਿਚ ਧਰਮ ਦੇ ਵਪਾਰੀ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਹਾਕਮ ਧਿਰ ਨਾਲ ਖੜ੍ਹੇ ਹਨ। ਇਹ ਰਾਜਸੀ-ਸ਼ਕਤੀਆਂ ਦੀ ਪ੍ਰਾਪਤੀ ਮੰਨੀ ਜਾਦੀ ਹੈ। ਇਹੋ ਲੋਕ ਨਾਇਕਾਂ ਨੂੰ ਭੰਡਣ ਲਈ ਭੇਦ ਦੇਣ ਦਾ ਕੰਮ ਵੀ ਕਰਦੇ ਹਨ - ਮਸਤ ਦੱਸਦੀ ਹੈ ਕਿ ਗਾਹਣਾ ਕਹਿੰਦਾ ਹੈ ਕਿ ਇਹ ਕਾਜੀ ਦੇ ਪੰਡਤ ਰੋਜ਼ ਰਾਤ ਵੇਲੇ ਮਿਰਜ਼ੇ ਨਮਾਜ ਦੀਨ ਨੂੰ ਮਿਲਦੇ ਹਨ। ਇਹੀ ਗੱਲ ਨਾਟਕ ਦੇ ਪਹਿਲੇ ਅੰਕ ਵਿਚ ਮੇਧਾ ਖੱਤਰੀ ਤੇ ਕਾਜੀ ਦੇ ਪਾਤਰਾ ਰਾਹੀਂ ਸਪੱਸ਼ਟ ਹੁੰਦੀ ਹੈ।

ਪੰਜਾਬੀ ਜੀਵਨ ਯਥਾਰਥ ਦੀ ਪੇਸ਼ਕਾਰੀ :- ਨਾਟਕਕਾਰ ਮੇਜਰ ਇਸਹਾਕ ਮੁਹੰਮਦ ਨੇ ਵਿਚਾਰ ਅਧੀਨ ਨਾਟਕ ਕੁਕਨਸ ਵਿਚ ਪੰਜਾਬੀ ਜਨ ਜੀਵਨ ਦੀ ਯਥਾਰਥਕ ਪੇਸਕਾਰੀ ਕੀਤੀ ਹੈ। ਇਸ ਨਾਟਕ ਵਿੱਚ ਸਮੁੱਚਾ ਵਾਤਾਵਰਣ ਕਿਸਾਨੀ ਜੀਵਨ ਅਤੇ ਉਸ ਦੀਆਂ ਦੁਸ਼ਵਾਰੀਆਂ ਦੇ ਅਲੇ ਦੁਆਲੇ ਉਸਾਰਿਆ ਗਿਆ ਹੈ। ਪੰਜਾਬੀ ਕੌਮ ਦੇ ਸੁਭਾਵਕ ਗੁਣਾ ਦੀ ਪੇਸ਼ਕਾਰੀ ਵੀ ਸ਼ਿਦਤ ਨਾਲ ਕੀਤੀ ਗਈ ਹੈ। ਇਸ ਨਾਟਕ ਵਿਚ ਪੰਜਾਬ ਦੇ ਤਾਰੀਖੀ ਸਰੂਪ, ਇਸ

ਦੇ ਸਭਿਆਚਾਰ, ਇਸ ਦੇ ਲੋਕਾਂ ਦੀਆਂ ਧਾੜਵੀਆਂ ਸੰਗ ਟੱਕਰਾਂ, ਇੱਥੇ ਦੇ ਮਿਹਨਤਕਸ ਲੋਕਾਂ ਦਾ ਅਣਖੀ ਜੀਵਨ ਆਦਿ ਸਾਰੇ ਵਿਸਿਆਂ ਨੂੰ ਦੁੱਲੇ ਭੱਟੀ ਦੀ ਲੋਕ-ਕਥਾ ਰਾਹੀਂ ਜਿੱਥੇ ਰੂਪਮਾਨ ਕੀਤਾ ਹੈ, ਉੱਥੇ ਆਪਣੇ ਨਜਰੀਏ ਤੋਂ ਇਸ ਨੂੰ ਸਮਾਜਵਾਦੀ ਵਲਗਣ ਦੇ ਕੇ ਇੱਥੋਂ ਦੇ ਮਿਹਨਕਸ ਲੋਕਾਂ ਦੀ ਸਹੀ ਸੱਚੀ ਤੇ ਤਾਰੀਖੀ ਤਸਵੀਰ ਨੂੰ ਪੇਸ਼ ਕੀਤਾ ਹੈ।

ਨਾਰੀ ਜੀਵਨ ਦੀ ਪੇਸ਼ਕਾਰੀ: ਇਸ ਨਾਟਕ ਵਿੱਚ ਪੇਸ਼ ਹੋਈਆਂ ਔਰਤਾਂ ਮਸਤੇ, ਲੱਧੀ, ਸੁਰਮਦੇ, ਬਖਤ ਆਦਿ ਸਾਰੀਆ ਪਾਤਰ ਬੜੀ ਬਹਾਦਰੀ ਨਾਲ ਮੁਗਲ ਸੈਨਾ ਦਾ ਮੁਕਾਬਲਾ ਕਰਦੀਆਂ ਹਨ। ਨਾਟਕਕਾਰ ਨੇ ਔਰਤ ਜਾਤੀ ਦੇ ਹੋਂਦਮੂਲਕ ਸਰੋਕਾਰਾਂ ਅਤੇ ਉਹਨਾਂ ਦੀ ਸਮਾਜਿਕ ਸਥਿਤੀ ਨੂੰ ਵੀ ਯਥਾਰਥਕ ਰੂਪ ਵਿੱਚ ਚਿਤਰਿਆ ਹੈ।

ਲੋਟੂ ਧਿਰਾਂ : ਇਸ ਨਾਟਕ ਵਿਚ ਨਾਟਕਕਾਰ ਨੇ ਮੇਧੇ ਦੇ ਪਾਤਰ ਰਾਹੀਂ ਸੰਸਾਰ ਦੇ ਪੂੰਜੀਪਤੀ ਵਰਗ ਦੇ ਪ੍ਰਤੀਕ ਰੂਪ ਵਿਚ ਪੇਸ਼ਕਾਰੀ ਕੀਤੀ ਗਈ ਹੈ। ਇਹ ਵੀ ਇਸ ਨਾਟਕ ਦੀ ਇਕ ਕੇਂਦਰੀ ਸਮੱਸਿਆ ਹੈ। ਮੇਧਾ ਸੰਸਾਰ ਦੇ ਪੂੰਜੀਪਤੀ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ। ਪੂੰਜੀਪਤੀ ਵਰਗ ਆਪਣੇ ਧਨ-ਦੌਲਤ ਦੀ ਸ਼ਕਤੀ ਦੇ ਜੋਰ ਨਾਲ ਬਾਦਸ਼ਾਹ ਨੂੰ ਕੇਵਲ ਆਪਣੀ ਪੂੰਜੀ ਦਾ ਰਾਖਾ ਬਣਾ ਕੇ ਆਪਣੇ ਮੁਫਾਦਾਂ ਲਈ ਲੋਕਾਈ ਦਾ ਖ਼ੂਨ ਪੀਂਦੇ ਹਨ। ਇਹ ਗੱਲ ਮੇਧੇ ਦੀ ਆਪਣੀ ਵਾਰਤਾਲਾਪ ਤੋਂ ਵੀ ਸਪੱਸ਼ਟ ਹੋ ਜਾਂਦੀ ਹੈ -

ਮੇਧਾ "ਲੈ ਫੇਰ ਸੁਣ! ਵਪਾਰ ਦਾ ਕੰਮ ਖਰੀਦਣਾ ਨਹੀਂ ਇਸ ਦਾ ਕੰਮ ਖਰੀਦਣਾ ਤੇ ਵੇਚਣਾ ਹੈ। ਏਨੇਂ ਵਿਚ ਈ ਦੁਨੀਆਂ ਦੀ ਦੌਲਤ ਤੇ ਦਸ ਹਿੱਸਿਆ ਵਿਚੋਂ ਨੌ ਹਿੱਸੇ ਵਪਾਰੀਆਂ ਕੋਲ ਨੇ। ਇਹ ਬਾਦਸ਼ਾਹ ਤੇ ਰਾਜੇ ਸਾਰੇ ਬਸ ਵਪਾਰੀਆਂ ਦੇ ਕੋਤਵਾਲ ਤੇ ਪਹਿਰੇਦਾਰ ਨੇ। ਜਿਹੜੇ ਉਹਨਾਂ ਦੇ ਕਾਫਲਿਆਂ ਦੇ ਰਸਤੇ ਖੁੱਲ੍ਹੇ ਰਖਦੇ ਨੇ ਤੇ ਉਹਨਾਂ ਨੂੰ ਤੇਰੇ ਵਰਗਿਆਂ ਦੀ ਲੁਟਮਾਰ ਤੋਂ ਬਚਾਉਂਦੇ ਨੇ। "

ਸਮਾਜਵਾਦੀ ਚੇਤਨਾ:- ਨਾਟਕ ਕੁਕਨਸ ਦੀ ਇਕ ਪ੍ਰਮੁੱਖ ਕੇਂਦਰੀ ਸਮੱਸਿਆ ਸਮਾਜਵਾਦੀ ਚੇਤਨਾ ਨਾਲ ਵਾਤਾਵਰਨ ਦੀ ਸਿਰਜਣਾ ਹੈ। ਸਹੀ ਅਰਥਾਂ ਵਿਚ ਵੇਖਿਆ ਜਾਵੇ ਤਾਂ ਇਹ ਸਾਰਾ ਨਾਟਕ ਸਮਾਜਵਾਦੀ ਚੇਤਨਾ ਵਾਲਾ ਵਾਤਾਵਰਨ ਉਸਾਰਦਾ ਹੈ। ਜੋ ਕਲ੍ਹ ਤਕ ਹੋਈ ਘਟਨਾ ਦਾ ਜ਼ਿਕਰ ਕਰਕੇ 'ਭਲਕ ਦੀ ਯੋਜਨਾਬੰਦੀ ਨੂੰ ਵੀ ਪੇਸ਼ ਕਰਦਾ ਹੈ। ਗਾਹਣਾ ਨਾਟਕਕਾਰ ਦੀ ਸੋਚ ਦੀ ਪ੍ਰਤੀਨਿਧਤਾ ਕਰਦਾ ਹੈ। ਮਾਰਕਸੀ ਦ੍ਰਿਸਟੀ ਅਨੁਸਾਰ ਕਾਮਿਆ ਤੇ ਮਜਦੂਰਾਂ ਦੀ ਜਮਾਤ ਦਾ ਸੰਘਰਸ ਉਭਾਰਨ ਲਈ ਲਾਮਬੰਦੀ ਵੱਲ ਯਤਨ ਜ਼ਰੂਰ ਹੋਏ। ਕਹਿਣ ਦਾ ਭਾਵ ਇਹ ਹੈ ਕਿ ਇਸ ਵਿਚ ਸੰਘਰਸ ਦੀ ਏਕਤਾ ਨਹੀਂ ਬਣ ਸਕੀ । ਨਾਟਕਕਾਰ ਨੂੰ ਸਮਾਜਵਾਦੀ ਚੇਤਨਾ ਨਾਲ ਵਾਤਾਵਰਨ ਦੀ ਸਿਰਜਣਾ ਵਿਚ ਪੂਰੀ ਸਫਲਤਾ ਮਿਲੀ ਹੈ।

ਦੁੱਲੇ ਦੀ ਸਮਾਜਿਕ ਚੇਤਨਾ ਦਾ ਪ੍ਰਗਟਾਅ :- ਨਾਟਕ ਵਿਚ ਨਾਟਕਕਾਰ ਦੀ ਇਕ ਹੋਰ ਕੇਂਦਰੀ ਸਮੱਸਿਆ ਦੁੱਲੇ ਨੂੰ ਇਕ ਨਾਇਕ ਦੇ ਰੂਪ ਵਿੱਚ ਪੇਸ਼ ਕਰਕੇ ਉਸ ਦੁਆਰਾ ਸਮਾਜਿਕ ਚੇਤਨਾ ਦਾ ਪ੍ਰਗਟਾਅ ਕਰਨ ਦੀ ਹੈ। ਨਾਟਕਕਾਰ ਨੇ ਇਹ ਪੇਸ ਕੀਤਾ ਹੈ ਕਿ ਕਿੱਸਾ ਕਾਵਿ ਵਿਚਲਾ ਦੁੱਲਾ ਭਾਵੇਂ ਵਿਅਕਤੀਗਤ ਲੜਾਈ ਲੜਦਾ ਹੈ, ਪਰ ਕੁਕਨਸ ਨਾਟਕ ਵਿਚਲਾ ਦੁੱਲਾ ਲੋਕ ਚੇਤਨਾ ਤਹਿਤ ਜਾਗ੍ਰਿਤ ਤੇ ਚੇਤੰਨ ਲੋਕ-ਨਾਇਕ ਹੋ ਕੇ ਉੱਭਰਦਾ ਹੈ। ਉਹ ਅਤੇ ਉਸਦੇ ਸਾਥੀ

ਜਿਹੜਾ ਸੰਘਰਸ਼ ਵਿਡਦੇ ਹਨ ਉਹ ਵੱਡੇ ਸਮਾਜਿਕ ਸਮਾਜਿਕ ਸੰਘਰਸ਼ ਦਾ ਸੂਚਕ ਹੈ। ਉਹ ਪੰਜਾਬ ਦੇ ਲੋਕਾਂ ਨੂੰ ਚੇਤਨ ਕਰਕੇ ਬਦੇਸੀ ਹਾਕਮਾਂ ਤੇ ਲੁਟੇਰਿਆਂ ਵਿਰੁੱਧ ਖੜ੍ਹਾ ਕਰਦਾ ਹੈ। ਇਸੇ ਕਾਰਨ ਦੁੱਲਾ ਕੋਤਵਾਲ ਨੂੰ ਕਹਿੰਦਾ ਹੈ - "ਕੋਤਵਾਲ ਜੀ ਅੱਜ ਤੇ ਇਹ ਅਸਾਡਾ ਸਾਰਾ ਦੇਸ਼ ਮੁਗਲ ਧਾੜਵੀਆਂ ਦੇ ਵੱਸ ਪਿਆ ਹੋਇਆ ਹੈ। ਦੇਸ਼ ਹੀ ਜਦ ਜਲੀਲ ਤੇ ਖੁਆਰ ਹੋ ਜਾਵੇ ਤੇ ਬੰਦਿਆਂ ਦੀ ਖੁਆਰੀ ਦੀ ਕੋਈ ਕਹਿਣ-ਪੁੱਛਣ ਵਾਲੀ ਗੱਲ ਏ। ਤੁਸਾਂ ਸ਼ੁਕਰ ਕਰੋ ਦੇਸ਼ ਭਗਤ ਹੋ ਕੇ ਮਰਦੇ ਪਏ ਓ।'

ਸਮਾਜਿਕ ਤਬਦੀਲੀ - ਸਮਾਜਿਕ ਤਬਦੀਲੀ ਜਾਂ ਸਮਾਜ ਦੀ ਸੋਚ ਵਿਚ ਪਰਿਵਰਤਨ ਵੀ ਵਿਚਾਰ ਅਧੀਨ ਨਾਟਕ ਦੀ ਕੇਂਦਰੀ ਸਮੱਸਿਆ ਹੈ। ਸਾਡਾ ਸਮੁੱਚਾ ਸਮਾਜ ਕਈ ਤਰ੍ਹਾਂ ਦੀਆਂ ਦਰਜੇਬੰਦੀਆਂ ਵਿੱਚ ਵੰਡਿਆ ਹੋਇਆ ਹੈ। ਜਾਤ ਪਾਤ ਅਤੇ ਊਚ ਨੀਚ ਦੀ ਚੀੜੀ ਜਕੜਬੰਦੀ ਮਨੁੱਖਾਂ ਨੂੰ ਆਪਸ ਵਿੱਚ ਇਕ ਨਹੀਂ ਹੋਣ ਦਿੰਦੀ। ਆਜਿਹੀਆਂ ਸਮਾਜਿਕ ਦਰਜੇਬੰਦੀਆਂ ਨੂੰ ਤੋੜਨ ਲਈ ਸਮਾਜਿਕ ਤਬਦੀਲੀ ਜਰੂਰੀ ਹੈ। ਸਮਾਜ ਵਿਚਲੇ ਵਿਰੋਧਾਤਮਕ ਅਤੇ ਭਾਵਾਤਮਕ ਬਦਲਾਵ ਨਾਲ ਸਰਮਾਏਦਾਰੀ ਦਾ ਪਸਾਰ ਵੱਧਦਾ ਹੈ। ਇਸ ਤੋਂ ਅਗਲਾ ਕਦਮ ਸਮਾਜ ਦਾ ਬਦਲਾਵ ਬਣਦਾ ਹੈ। ਇਸ ਵਿਚ ਵੀ ਵਿਗਿਆਨਕ ਯੁਗ ਵੱਲ ਤੁਰਨ ਦੀ ਸ਼ਕਤੀ ਹੁੰਦੀ ਹੈ। ਇਸ ਨਾਟਕ ਵਿੱਚ ਬਹੁਤ ਸਾਰੇ ਵੇਰਵੇ ਦਰਜ ਹਨ ਜਿਹੜੇ ਸਮਾਜਿਕ ਤਬਦੀਲੀ ਦੇ ਸੂਚਕ ਹਨ। ਬਾਬੇ ਅਤੇ ਮੇਧੇ ਦੇ ਬੋਲ ਇਸ ਦੇ ਉਚਿਤ ਉਦਾਹਰਣ ਹਨ। ਬਾਬੇ ਦੇ ਸਾਰੇ ਵਿਚਾਰ ਨਾਟਕ ਵਿੱਚ ਦੁੱਲੇ ਨੂੰ ਨਵੀਂ ਚੇਤਨਾ ਤੋਂ ਜਾਣੂ ਕਰਵਾਉਂਦੇ ਹਨ। ਇਸ ਤੋਂ ਪਹਿਲਾਂ ਕਿ ਦੁੱਲਾ ਆਪਣੇ ਟੀਚੇ ਤੋਂ ਲਾਂਭੇ ਹੋ ਜਾਂਦਾ ਅਤੇ ਉਹ ਲੋਕਨਾਇਕ ਪੂਰੀ ਲੋਕ-ਸ਼ਕਤੀ ਨੂੰ ਹਲੂਣ ਨਾ ਸਕਦਾ ਬਾਬੇ ਦੇ ਬੋਲ ਉਸ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਂਦੇ ਹਨ। ਇਸੇ ਕਰਕੇ ਬਾਬੇ ਦਾ ਪਾਤਰ ਉਸ ਨੂੰ ਇਸ ਪੱਖੋਂ ਚੇਤੰਨ ਕਰਦਾ ਹੈ। ਇਵੇਂ ਇਸ ਨਾਟਕ ਦਾ ਵਿਸ਼ਾ ਨਿਰੋਲ ਸਮਾਜਵਾਦੀ ਚੇਤਨਾ ਦਾ ਵਿਸ਼ਾ ਬਣਾ ਜਾਂਦਾ ਹੈ। ਇਕ ਪਾਸੇ ਲੋਕ-ਸ਼ਕਤੀ ਦੀ ਪ੍ਰਤੀਨਿਧਤਾ ਦੁੱਲਾ ਲੋਕ-ਨਾਇਕ ਦੇ ਰੂਪ ਵਿਚ ਕਰਦਾ ਹੈ ਅਤੇ ਦੂਜੇ ਪਾਸੇ ਰਾਠਾਂ ਤੇ ਵਿਉਪਾਰੀਆਂ ਦੀ ਸ਼ਕਤੀ ਦਾ ਪ੍ਰਤੀਕ ਅਕਬਰ ਨਾਂ ਦਾ ਬਾਦਸ਼ਾਹ ਹੈ। ਉਸ ਦਾ ਅਖੌਤੀ ਧਾਰਮਿਕ ਚਿਹਰਾ ਧਰਮ ਨੂੰ ਵਰਗਲਾ ਰਿਹਾ ਹੈ। ਇਸ ਤਰ੍ਹਾਂ ਦੁੱਲਾ ਇਕ ਚੇਤੰਨ ਵਿਅਕਤੀ ਦੇ ਤੌਰ ਤੇ ਵਿਚਰਦਾ ਹੈ ਅਤੇ ਲੋਕਾਂ ਨੂੰ ਸੰਘਰਸ਼ ਲਈ ਤਿਆਰ ਕਰਦਾ ਹੈ।

ਉਪਰੋਕਤ ਵਿਚਾਰ ਚਰਚਾ ਪਿਛੋਂ ਇਹ ਕਿਹਾ ਜਾ ਸਕਦਾ ਹੈ ਕਿ ਇਸਹਾਕ ਮੁਹੰਮਦ ਨੇ ਆਪਣੇ ਨਾਟਕ 'ਕੁਕਨਸ' ਵਿਚ ਪੰਜਾਬ ਦੀ ਇਕ ਲੋਕ ਗਾਥਾ ਨੂੰ ਪੂਰਨ ਸਿਰਜਤ ਕੀਤਾ ਹੈ। ਇਸ ਨਾਟਕ ਲੋਕ ਨਾਇਕ ਦੁੱਲੇ ਦੀ ਕਥਾ ਨੂੰ ਨਵੇਂ ਤਰੀਕੇ ਨਾਲ ਪੇਸ਼ ਕੀਤਾ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਨਾਟਕ ਦੀ ਰਚਨਾ ਨਾਲ ਨਾਟਕਕਾਰ ਨੇ ਵੱਡੀਆਂ ਸਮਾਜਿਕ ਆਰਥਿਕ ਸਮੱਸਿਆਵਾਂ ਨੂੰ ਚਿਤਰਿਆ ਹੈ। ਪਾਕਿਸਤਾਨੀ ਪੰਜਾਬ ਵਿੱਚ ਕਿਸਾਨੀ ਅਤੇ ਸਧਾਰਣ ਲੋਕਾਂ ਦੀ ਜ਼ਿੰਦਗੀ ਦੀਆਂ ਅਤਿ ਨਾਜ਼ੁਕ ਘਟਨਾਵਾਂ ਹਨ ਜਿਨ੍ਹਾਂ ਤੋਂ ਪ੍ਰੇਰਿਤ ਹੋ ਕੇ ਉਸਨੇ ਇਸ ਨਾਟਕ ਨੂੰ ਰਚਿਆ।